# LEP SHEET–1 (ਬਾਰ੍ਹਵੀਂ, ਲਾਜ਼ਮੀ ਪੰਜਾਬੀ)

**ਵਿੱਦਿਅਕ ਵਰ੍ਹਾ: 2024–25**

## ਕੀ, ਕਿੰਨਾ ਅਤੇ ਕਿਵੇਂ ਪੜ੍ਹੀਏ:

ਹਰ ਵਿਦਿਆਰਥੀ ਦੀ ਇੱਛਾ ਹੁੰਦੀ ਹੈ ਕਿ ਉਹ ਪੇਪਰਾਂ ਵਿੱਚ ਵੱਧ ਤੋਂ ਵੱਧ ਨੰਬਰ ਪ੍ਰਾਪਤ ਕਰੇ। ਉਸ ਨੂੰ ਪੇਪਰਾਂ ਦੇ ਦਿਨਾਂ ਵਿੱਚ ਆ ਕੇ ਇਹ ਸਮਝ ਨਹੀਂ ਆਉਂਦੀ ਕਿ ਕਿਸ ਪ੍ਰਸ਼ਨ ਲਈ ਕਿੰਨਾ ਸਮਾਂ ਦਿੱਤਾ ਜਾਵੇ? ਪੇਪਰਾਂ ਵਿੱਚ ਘੱਟ ਸਮਾਂ ਰਹਿਣ ਕਾਰਨ ਅਕਸਰ ਵਿਦਿਆਰਥੀ ਘਬਰਾਉਣ ਲੱਗਦੇ ਹਨ। ਕਈ ਵਾਰ ਉਹ ਘੱਟ ਅੰਕਾਂ ਵਾਲ਼ੇ ਪ੍ਰਸ਼ਨਾਂ ਨੂੰ ਵਧੇਰੇ ਸਮਾਂ ਪੜ੍ਹਦੇ ਰਹਿੰਦੇ ਹਨ ਅਤੇ ਉਹ ਪ੍ਰਸ਼ਨ ਛੁੱਟ ਜਾਂਦੇ ਹਨ ਜਿਨ੍ਹਾਂ ਨੂੰ ਘੱਟ ਸਮਾਂ ਦੇ ਕੇ ਚੰਗੇ ਨੰਬਰ ਅਸਾਨੀ ਨਾਲ਼ ਪ੍ਰਾਪਤ ਕੀਤੇ ਜਾ ਸਕਦੇ ਹਨ। ਉਦਾਹਰਨ ਵਜੋਂ, ਤੁਹਾਡੀ ਪਾਠ-ਪੁਸਤਕ ਵਿੱਚ ਸਿਰਫ਼ 60 ਅਖਾਉਤਾਂ ਦਰਜ ਹਨ, ਦੂਜੇ ਪਾਸੇ 16 ਨੰਬਰ ਦਾ ਪੇਪਰ ਅਖਾਉਤਾਂ ਵਿੱਚੋਂ ਆਵੇਗਾ। ਗਿਣਤੀ ਦੇ ਮੁਕਾਬਲੇ ਅੰਕ ਬਹੁਤ ਜ਼ਿਆਦਾ ਹਨ, ਇਸ ਲਈ ਘੱਟ ਮਿਹਨਤ ਕਰਕੇ ਵੀ ਅਸੀਂ ਵੱਧ ਅੰਕ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਸਕਦੇ ਹਾਂ।

ਹਰ ਵਿਦਿਆਰਥੀ ਦੀ ਪੜ੍ਹਨ ਸਮਰਥਾ, ਪੜ੍ਹਨ ਦੀ ਆਦਤ ਅਤੇ ਉਸ ਦਾ ਸੁਭਾਅ ਵੱਖਰਾ-ਵੱਖਰਾ ਹੁੰਦਾ ਹੈ। ਇੱਥੋਂ ਤੱਕ ਕਿ ਹਰੇਕ ਵਿਦਿਆਰਥੀ ਨੇ ਆਪਣਾ-ਆਪਣਾ ਟੀਚਾ ਵੀ ਵੱਖਰਾ ਮਿਥਿਆ ਹੁੰਦਾ ਹੈ। ਹੇਠਾਂ ਦਿੱਤੀ ਗਈ ਸਾਰਨੀ ਵਿੱਚ ਵੱਖ-ਵੱਖ ਭਾਗਾਂ/ਪਾਠ-ਵਿਸ਼ਿਆਂ ਦੀ ਅੰਕ-ਵੰਡ ਅਤੇ ਪਾਠ-ਪੁਸਤਕ ਵਿੱਚ ਦਰਜ ਉਹਨਾਂ ਦੀ ਗਿਣਤੀ ਨੂੰ ਤੁਲਨਾਇਆ ਗਿਆ ਹੈ। ਤੁਸੀਂ ਆਪਣੇ ਟੀਚੇ ਅਨੁਸਾਰ ਸਮਾਂ-ਸਾਰਨੀ ਨਿਰਧਾਰਿਤ ਕਰਨ ਲਈ ਇਸ ਦੀ ਸਹਾਇਤਾ ਲੈ ਸਕਦੇ ਹੋ।

| ਲੜੀ ਨੰ. | ਵਿਸ਼ਾ–ਵਸਤੂ | ਵਸਤੂਨਿਸ਼ਠ ਪ੍ਰਸ਼ਨਾਂ ਦੇ ਅੰਕ | ਪੁੱਛੇ ਜਾਣ ਵਾਲ਼ੇ ਸਿੱਧੇ ਪ੍ਰਸ਼ਨਾਂ ਦੇ ਅੰਕ | ਕੁੱਲ ਅੰਕ | ਪਾਠ–ਪੁਸਤਕ ਵਿੱਚ ਦਰਜ ਗਿਣਤੀ |
|---|---|---|---|---|---|
| 1. | ਪੰਜਾਬੀ ਸੱਭਿਆਚਾਰ ਨਾਲ਼ ਸੰਬੰਧਿਤ ਲੇਖ | 2+2+2+2 = 8 ਅੰਕ | 3×2=6 (ਪੈਰਾ) 4×3=12 (ਪ੍ਰਸ਼ਨ) | 26 | 8 ਲੇਖ |
| 2. | ਕਾਰ–ਵਿਹਾਰ ਦੇ ਪੱਤਰ | ---- | 2+4+1=7 | 07 | 7+11 = 18 ਪੱਤਰ |
| 3. | ਸੰਖੇਪ ਰਚਨਾ | ---- | 4+1=5 | 05 | 13+12 = 25 ਪੈਰੇ |
| 4. | ਸ਼ਬਦ–ਕੋਸ਼ ਤਰਤੀਬ | ---- | 6×1/2=3 | 03 | 17+15 = 32 ਸ਼ਬਦ–ਸਮੂਹ |
| 5. | ਵਾਕ–ਵਟਾਂਦਰਾ | ---- | 5×1=5 | 05 | 46 ਵਾਕ |
| 6. | ਅਖਾਉਤਾਂ | 1+2+2+1 = 6 ਅੰਕ | 5×2=10 | 16 | 50+10 = 60 ਅਖਾਉਤਾਂ |
| 7. | ਕਵਿਤਾ | 1+2= 3 ਅੰਕ | 05 (ਕੇਂਦਰੀ ਭਾਵ) | 08 | 10 |
| 8. | ਕਹਾਣੀ | 1+1+1 =3 ਅੰਕ | 07 (ਸਾਰ) | 10 | 06 |

## ਪੰਜਾਬੀ ਸੱਭਿਆਚਾਰ

- ਸੱਭਿਆਚਾਰ ਕਿਸੇ ਖ਼ਾਸ ਖ਼ਿੱਤੇ ਜਾਂ ਕੌਮ ਦੀ ਜੀਵਨ-ਜਾਚ ਹੁੰਦੀ ਹੈ।
- ਸੱਭਿਆਚਾਰ ਇੱਕ ਜਟਿਲ ਵਰਤਾਰਾ ਹੈ।
- ਸੱਭਿਆਚਾਰ 'ਸੱਭਯ' ਅਤੇ 'ਆਚਾਰ' ਦੋ ਸ਼ਬਦਾਂ ਦਾ ਸੁਮੇਲ ਹੈ।
- ਸੱਭਿਆਚਾਰ ਸਿਰਫ਼ ਸਮਾਜ ਵਿੱਚ ਰਹਿ ਕੇ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ।
- ਕੋਈ ਵੀ ਕੁਰੀਤੀ ਜਾਂ ਬੇਨਿਯਮੀ ਸੱਭਿਆਚਾਰ ਦਾ ਅੰਗ ਨਹੀਂ ਹੋ ਸਕਦੀ।
- ਕੋਈ ਵੀ ਸੱਭਿਆਚਾਰ ਚੰਗਾ ਜਾਂ ਮਾੜਾ ਨਹੀਂ ਹੁੰਦਾ ਸਗੋਂ ਖ਼ਾਸ ਖ਼ਿੱਤੇ ਦੀਆਂ ਲੋੜਾਂ ਦੇ ਅਨੁਕੂਲ ਹੁੰਦਾ ਹੈ।
- ਸੱਭਿਆਚਾਰ ਲਈ ਅੰਗਰੇਜ਼ੀ ਵਿੱਚ 'ਕਲਚਰ' ਸ਼ਬਦ ਵਰਤਿਆ ਜਾਂਦਾ ਹੈ।
- ਹਿੰਦੀ ਭਾਸ਼ਾ ਵਿੱਚ ਸੱਭਿਆਚਾਰ ਲਈ 'ਸੰਸਕ੍ਰਿਤੀ' ਸ਼ਬਦ ਦੀ ਵਰਤੋਂ ਹੁੰਦੀ ਹੈ।
- ਭਾਰਤੀ ਸੱਭਿਆਚਾਰ ਵਿੱਚ ਅਨੇਕਾਂ ਉਪ ਸੱਭਿਆਚਾਰ ਹਨ।
- ਉਪ ਸੱਭਿਆਚਾਰ ਸਥਾਨਿਕ ਖਿੱਤਿਆਂ ਨਾਲ਼ ਸੰਬੰਧਿਤ ਹੁੰਦਾ ਹੈ।
- ਪੰਜਾਬੀ ਸੱਭਿਆਚਾਰ ਭਾਰਤੀ ਸੱਭਿਆਚਾਰ ਦਾ ਉਪ ਸੱਭਿਆਚਾਰ ਹੈ।
- ਭੂਗੋਲਿਕ ਖ਼ਿੱਤਿਆਂ ਅਨੁਸਾਰ ਪੰਜਾਬੀ ਸੱਭਿਆਚਾਰ ਦੇ ਵੀ ਅੱਗੋਂ ਉਪ-ਸੱਭਿਆਚਾਰ ਮੌਜੂਦ ਹਨ।
- ਭਾਰਤੀ ਸੱਭਿਆਚਾਰ ਦਾ ਮਹਾਨ ਸ੍ਰੋਤ 'ਰਿਗਵੇਦ' ਹੈ।
- ਪੰਜਾਬੀ ਸੱਭਿਆਚਾਰ ਭਾਰਤੀ ਸੱਭਿਆਚਾਰ ਦਾ ਪਹਿਲਾ ਪੜ੍ਹਾਅ ਮੰਨਿਆ ਜਾਂਦਾ ਹੈ।
- ਪੰਜਾਬ ਹਿੰਦੁਸਤਾਨ ਦਾ ਪ੍ਰਵੇਸ਼-ਦੁਆਰ ਹੈ।
- ਰਿਗਵੈਦਿਕ ਕਾਲ ਵਿੱਚ ਪੰਜਾਬ ਨੂੰ 'ਸਪਤ-ਸਿੰਧੂ' ਦੇ ਨਾਂ ਨਾਲ਼ ਜਾਣਿਆ ਜਾਂਦਾ ਰਿਹਾ ਹੈ।
- ਮਹਾਂਭਾਰਤ ਦੇ ਯੁੱਗ ਵਿੱਚ ਪੰਜਾਬ ਨੂੰ 'ਪੰਚ-ਨਦ' ਦੇ ਨਾਂ ਨਾਲ਼ ਜਾਣਿਆ ਗਿਆ।
- 'ਪੰਜਾਬ' ਦਾ ਅਜੋਕਾ ਨਾਂ ਫ਼ਾਰਸੀ ਭਾਸ਼ਾ ਦੇ ਪ੍ਰਭਾਵ ਸਦਕਾ ਪਿਆ।
- ਪਾਣਿਨੀ ਦਾ ਵਿਆਕਰਨ-ਗ੍ਰੰਥ ਪੰਜਾਬ ਦੀ ਧਰਤੀ ਉੱਪਰ ਰਚਿਆ ਗਿਆ।
- ਮਹਾਨ ਵਿਸ਼ਵ-ਵਿਦਿਆਲਾ 'ਤਕਸ਼ਿਲਾ' ਦੀ ਸਥਾਪਨਾ ਵੀ ਪੰਜਾਬ ਵਿੱਚ ਹੀ ਹੋਈ।
- ਅਜੋਕਾ ਰਾਜਨੀਤਿਕ ਪੰਜਾਬ ਸੱਭਿਆਚਾਰਿਕ ਪੰਜਾਬ ਦੇ ਮੁਕਾਬਲੇ ਇੱਕ ਸੀਮਿਤ ਖੇਤਰ ਹੈ।
- ਮੱਧ-ਕਾਲ ਵਿੱਚ ਪੰਜਾਬ ਇਸਲਾਮਿਕ ਸੰਸਕ੍ਰਿਤੀ ਦਾ ਬਹੁਤ ਵੱਡਾ ਖੇਤਰ ਰਿਹਾ ਹੈ।
- ਇਸਲਾਮਿਕ ਸੂਫ਼ੀ-ਸੰਤਾਂ ਨੇ ਪੰਜਾਬੀ ਸੱਭਿਆਚਾਰ ਵਿੱਚ ਭਾਰਤੀ ਅਤੇ ਇਸਲਾਮੀ ਰੰਗ ਦਾ ਸੁਮੇਲ ਸਥਾਪਿਤ ਕੀਤਾ।
- ਸਿੱਖ ਗੁਰੂ ਸਾਹਿਬਾਨ ਨੇ ਪੰਜਾਬੀ ਸੱਭਿਆਚਾਰ ਨੂੰ 'ਨਿਰੋਈ ਮਾਨਵਵਾਦੀ' ਸੋਚ ਪ੍ਰਦਾਨ ਕਰਕੇ ਨਵਾਂ ਰੂਪ ਦਿੱਤਾ।
- ਪੰਜਾਬੀ ਸੱਭਿਆਚਾਰ ਦਾ ਸਫ਼ਰ ਸੱਤ ਦਰਿਆਵਾਂ ਤੋਂ ਪੰਜ ਅਤੇ ਹੁਣ ਰਾਜਨੀਤਿਕ ਤੌਰ ਉੱਪਰ ਪੰਜ ਤੋਂ ਢਾਈ ਦਰਿਆਵਾਂ ਦਾ ਸਫ਼ਰ ਹੈ।
- 1947 ਅਤੇ 1966 ਦੇ ਸਾਲਾਂ ਨੇ ਪੰਜਾਬ ਨੂੰ ਰਾਜਨੀਤਿਕ ਤੌਰ ਉੱਪਰ ਬਹੁਤ ਸੀਮਿਤ ਕਰ ਦਿੱਤਾ।
- ਪੰਜਾਬ ਦੇ ਲੋਕਾਂ ਅੰਦਰ ਕੁਰਬਾਨੀ ਦਾ ਜਜ਼ਬਾ ਕੁੱਟ-ਕੁੱਟ ਕੇ ਭਰਿਆ ਹੋਇਆ ਹੈ।
- ਜ਼ਾਲਮ ਅੱਗੇ ਝੁਕਣਾ ਪੰਜਾਬੀਆਂ ਦੇ ਹਿੱਸੇ ਨਹੀਂ ਆਇਆ।
- ਭੀਖ ਮੰਗਣਾ ਪੰਜਾਬੀਆਂ ਦੇ ਸੁਭਾਅ ਵਿੱਚ ਸ਼ਾਮਲ ਨਹੀਂ ਹੈ।
- ਪੰਜਾਬੀ ਸੱਭਿਆਚਾਰ ਮਿੱਸਾ ਸੱਭਿਆਚਾਰ ਹੈ।
- ਪੰਜਾਬ ਭਾਰਤ ਦਾ ਅਨਾਜ ਭੰਡਾਰ ਹੈ।
- ਪੰਜਾਬ ਹਰੀ-ਕ੍ਰਾਂਤੀ ਦਾ ਜਨਮਦਾਤਾ ਹੈ।
- ਸੱਭਿਆਚਾਰ ਵਿੱਚ ਤਬਦੀਲੀ ਆਉਣਾ ਇੱਕ ਅਟਲ ਸਚਾਈ ਹੈ, ਇਸ ਲਈ ਪੰਜਾਬੀ ਸੱਭਿਆਚਾਰ ਵਿੱਚ ਵੀ ਬਹੁਤ ਸਾਰੀਆਂ ਤਬਦੀਲੀਆਂ ਵੇਖਣ ਨੂੰ ਮਿਲ਼ਦੀਆਂ ਹਨ।

## ਪੰਜਾਬ ਦੇ ਮੇਲੇ ਤੇ ਤਿਉਹਾਰ

- ਮੇਲਿਆਂ ਵਿੱਚ ਲੋਕ-ਪ੍ਰਤਿਭਾ ਨਿਖਰਦੀ ਹੈ ਅਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ।
- ਮੇਲੇ ਮਨ-ਪਰਚਾਵੇ ਤੇ ਮੇਲ਼-ਜੋਲ਼ ਦਾ ਸਮੂਹਿਕ ਵਸੀਲਾ ਹੁੰਦੇ ਹਨ।
- ਮੇਲੇ ਧਾਰਮਿਕ ਅਤੇ ਕਲਾਤਮਿਕ ਭਾਵਾਂ ਦੀ ਤ੍ਰਿਪਤੀ ਕਰਦੇ ਹਨ।
- ਪੰਜਾਬੀ ਚਰਿੱਤਰ ਵਿੱਚ, ਮੇਲਾ ਬੀਜ ਰੂਪ ਵਿੱਚ ਸਮਾਇਆ ਹੋਇਆ ਹੈ।
- ਜਿੱਥੇ ਚਾਰ-ਛੇ ਪੰਜਾਬੀ ਜੁੜ ਜਾਣ, ਉਹ ਤੁਰਦਾ-ਫਿਰਦਾ ਮੇਲਾ ਬਣ ਜਾਂਦਾ ਹੈ।
- ਮੇਲੇ ਵਿੱਚ ਹਰੇਕ ਪੰਜਾਬੀ ਆਪਣੇ-ਆਪ ਨੂੰ ਲਾੜਾ ਸਮਝਦਾ ਹੈ।
- ਮੇਲੇ ਦਾ ਹਰ ਦ੍ਰਿਸ਼ ਮਨਮੋਹਣਾ ਤੇ ਲੁਭਾਵਣਾ ਹੋਣ ਦੇ ਨਾਲ਼ ਸੱਭਿਆਚਾਰਿਕ ਪ੍ਰਤੀਨਿਧਤਾ ਵੀ ਕਰਦਾ ਹੈ।
- ਪੰਜਾਬੀ ਹਰ ਪੁਰਬ ਤੇ ਮੇਲੇ ਉੱਤੇ ਨਵੀਂ ਚੀਜ਼ ਜ਼ਰੂਰ ਖ਼ਰੀਦਦੇ ਹਨ।
- ਪੰਜਾਬ ਦੇ ਬਹੁਤੇ ਮੇਲੇ ਮੌਸਮਾਂ, ਰੁੱਤਾਂ ਅਤੇ ਤਿਉਹਾਰਾਂ ਨਾਲ਼ ਸੰਬੰਧਿਤ ਹਨ।
- ਰੁੱਤਾਂ ਵਿੱਚੋਂ ਸਭ ਤੋਂ ਮਿੱਠੀ ਰੁੱਤ ਬਸੰਤ ਦੀ ਹੈ।
- ਪੁਰਾਣ-ਕਥਾਵਾਂ ਅਨੁਸਾਰ ਧਰਤੀ ਸ਼ੇਸ਼ਨਾਗ ਦੇ ਫੰਨ੍ਹਾਂ ਉੱਪਰ ਖੜ੍ਹੀ ਹੈ।
- ਆਦਿ ਮਨੁੱਖ ਦਾ ਵਿਸ਼ਵਾਸ ਸੀ ਕਿ ਸ਼ੇਸ਼ਨਾਗ ਭੋਇੰ ਦੀ ਉਤਪਾਦਿਕਤਾ ਉੱਤੇ ਵੀ ਅਸਰ ਪਾਉਂਦਾ ਹੈ।
- ਖੇਤਾਂ ਦੇ ਨੇੜੇ ਲੱਗਣ ਵਾਲ਼ੇ ਮੇਲਿਆਂ ਵਿੱਚ ਨਾਗ ਪੂਜਾ ਕੀਤੀ ਜਾਂਦੀ ਸੀ, ਇਹਨਾਂ ਮੇਲਿਆਂ ਨੂੰ 'ਨਾਗ-ਮਾਹਾ' ਕਿਹਾ ਜਾਂਦਾ ਸੀ।

- **ਪੰਜਾਬ ਦੇ ਮੇਲੇ**
  - **ਛਪਾਰ ਦਾ ਮੇਲਾ**: ਭਾਦਰੋਂ ਸੁਦੀ ਚੌਦਾਂ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਛਪਾਰ ਵਿਖੇ ਲੱਗਦਾ ਹੈ। ਇਸ ਵਿੱਚ ਗੁੱਗੇ ਦੇ ਭਗਤਾਂ ਤੋਂ ਬਿਨਾਂ ਆਮ ਲੋਕ ਵੀ ਸ਼ਾਮਲ ਹੁੰਦੇ ਹਨ। ਹੁਣ ਇਸ ਮੇਲੇ ਦਾ ਚਰਿੱਤਰ ਲੌਕਿਕ ਹੋ ਗਿਆ ਹੈ।
  - **ਜਰਗ ਦਾ ਮੇਲਾ**: ਚੇਤਰ ਮਹੀਨੇ ਦੇ ਪਹਿਲੇ ਮੰਗਲਵਾਰ ਜ਼ਿਲ੍ਹਾ ਲੁਧਿਆਣਾ ਦੇ ਜਰਗ ਪਿੰਡ ਵਿੱਚ ਸੀਤਲਾ ਦੇਵੀ ਨੂੰ ਪਤਿਆਉਣ ਲਈ ਇਹ ਮੇਲਾ ਲੱਗਦਾ ਹੈ। ਇਸ ਮੇਲੇ ਵਿੱਚ ਮਾਤਾ ਨੂੰ ਬੇਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ। ਇਸ ਕਰਕੇ ਇਸ ਨੂੰ 'ਬਹਿੜੀਏ ਦਾ ਮੇਲਾ' ਵੀ ਕਿਹਾ ਜਾਂਦਾ ਹੈ। ਸੀਤਲਾ ਦੇਵੀ ਦੇ ਵਾਹਨ ਖੋਤੇ ਨੂੰ ਪੂਜਿਆ ਜਾਂਦਾ ਹੈ ਅਤੇ ਉਸ ਨੂੰ ਗੁਲਗੁਲੇ ਤੇ ਛੋਲੇ ਭੇਟ ਕੀਤੇ ਜਾਂਦੇ ਹਨ।
  - **ਜਗਰਾਵਾਂ ਦੀ ਰੋਸ਼ਨੀ:** ਹਰ ਸਾਲ 14 ਤੋਂ 16 ਫੱਗਣ ਤੱਕ ਲੁਧਿਆਣਾ ਜ਼ਿਲ੍ਹੇ ਦੇ ਜਗਰਾਵਾਂ ਵਿਖੇ ਸੂਫ਼ੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉੱਪਰ ਇਹ ਮੇਲਾ ਲੱਗਦਾ ਹੈ। ਕਬਰ ਉੱਪਰ ਅਨੇਕਾਂ ਚਿਰਾਗ਼ ਬਾਲ਼ੇ ਜਾਂਦੇ ਹਨ ਜਿਸ ਕਰਕੇ ਇਸ ਮੇਲੇ ਦਾ ਨਾਂ 'ਰੋਸ਼ਨੀ' ਪੈ ਗਿਆ।
  - **ਮੁਕਤਸਰ ਦਾ ਮੇਲਾ:** ਇਹ ਮੇਲਾ ਮਾਘੀ ਵਾਲ਼ੇ ਦਿਨ ਚਾਲ਼ੀ ਸਿੰਘਾਂ ਦੀ ਯਾਦ ਵਿੱਚ ਮੁਕਤਸਰ ਵਿਖੇ ਲੱਗਦਾ ਹੈ। ਗੁਰੂ ਜੀ ਨੇ ਇਹਨਾਂ ਸਿੰਘਾਂ ਦੁਆਰਾ ਦਿੱਤਾ ਬੇਦਾਵਾ ਪਾੜ ਦਿੱਤਾ ਸੀ ਅਤੇ ਸ਼ਹੀਦ ਸਿੰਘਾਂ ਨੂੰ 'ਮੁਕਤੇ' ਕਹਿ ਕੇ ਸਨਮਾਨਿਆ। ਇਸ ਕਰਕੇ ਹੀ ਇਸ ਥਾਂ ਦਾ ਨਾਂ ਖਿਦਰਾਣੇ ਤੋਂ ਮੁਕਤਸਰ ਪੈ ਗਿਆ।
  - **ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ:** ਹੋਲੀ ਤੋਂ ਅਗਲੇ ਦਿਨ ਚੇਤ ਵਦੀ ਪਹਿਲੀ ਨੂੰ ਅਨੰਦਪੁਰ ਸਾਹਿਬ ਵਿੱਚ ਕੇਸਗੜ੍ਹ ਦੇ ਸਥਾਨ ਉੱਤੇ ਮੇਲਾ ਲੱਗਦਾ ਹੈ, ਜਿਸ ਨੂੰ 'ਹੋਲਾ-ਮਹੱਲਾ' ਕਹਿੰਦੇ ਹਨ।
  - **ਤਰਨ ਤਾਰਨ ਦੀ ਮੱਸਿਆ:** ਭਾਦੋਂ ਦੀ ਮੱਸਿਆ ਨੂੰ ਭਾਰੀ ਮੇਲਾ ਤਰਨ ਤਾਰਨ ਵਿਖੇ ਲੱਗਦਾ ਹੈ।
  - ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲ਼ੇ ਸਥਾਨਾਂ ਚਮਕੌਰ ਸਾਹਿਬ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਵੱਡੇ ਜੋੜ-ਮੇਲੇ ਲੱਗਦੇ ਹਨ।

- **ਪੰਜਾਬ ਦੇ ਤਿਉਹਾਰ:**

  ਪੰਜਾਬ ਵਿੱਚ ਚੰਨ ਦੀਆਂ ਤਿਥਾਂ ਨਾਲ਼ ਸੰਬੰਧਿਤ ਪੁਰਬ ਇਕਾਦਸ਼ੀ, ਪੂਰਨਮਾਸੀ, ਮੱਸਿਆ ਅਤੇ ਸੰਗਰਾਂਦ ਖੂਹ ਦੀਆਂ ਟਿੰਡਾਂ ਵਾਂਗ ਗੇੜੇ ਪਏ ਰਹਿੰਦੇ ਹਨ। ਪੰਜਾਬ ਵਿੱਚ ਤਿਉਹਾਰ ਲਗਾਤਾਰ ਚੱਲਦੇ ਰਹਿੰਦੇ ਹਨ।

  - **ਚੇਤ :** ਨਵਾਂ ਵਰ੍ਹਾ/ਨਵਾਂ ਸੰਮਤ<br>ਚੇਤਰ ਸੁਦੀ ਅੱਠ ਨੂੰ ਕੰਜਕਾਂ<br>ਚੇਤਰ ਸੁਦੀ ਨੌਂ ਨੂੰ ਰਾਮ ਨੌਂਵੀਂ
  - **ਸਾਵਣ :** ਤੀਜੀ ਤਿੱਥ ਨੂੰ ਤੀਆਂ

ਪੂਰਨਮਾਸੀ ਨੂੰ ਰੱਖੜੀ

- **ਭਾਦਰੋਂ :** ਕ੍ਰਿਸ਼ਨਾ ਪੱਖ ਦੀ ਅੱਠਵੀਂ ਨੂੰ ਜਨਮ-ਅਸ਼ਟਮੀ
- **ਅੱਸੂ :** ਹਨੇਰੇ ਪੱਖ ਦੀਆਂ ਪੰਦਰਾਂ ਤਿਥਾਂ ਨੂੰ ਸ੍ਰਾਧ
  ਚਾਨਣ ਪੱਖ ਦੀ ਏਕਮ ਤੋਂ ਨੌਂਵੀ ਤੱਕ ਨਰਾਤੇ
  ਦਸਵੇਂ ਦਿਨ ਦਸਹਿਰਾ
- **ਕੱਤਕ :** ਹਨੇਰੇ ਪੱਖ ਦੀ ਚੌਥੀ ਤਿਥ ਨੂੰ 'ਕਰਵਾ-ਚੌਥ'
  ਮੱਸਿਆ ਨੂੰ ਦਿਵਾਲ਼ੀ
  ਪੂਰਨਮਾਸੀ ਨੂੰ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ
- **ਪੋਹ :** ਅਖ਼ੀਰਲੇ ਦਿਨ ਲੋਹੜੀ
- **ਮਾਘ :** ਮਕਰ ਸੰਕ੍ਰਾਂਤੀ, ਮੁਕਤਸਰ ਦਾ ਮਾਘੀ ਮੇਲਾ
  ਮਾਘ ਸੁਦੀ ਪੰਜ ਨੂੰ ਬਸੰਤ ਪੰਚਮੀ
- **ਫੱਗਣ :** ਹੋਲੀ

## ਪੰਜਾਬ ਦੇ ਰਸਮ-ਰਿਵਾਜ

- ਰਸਮ-ਰਿਵਾਜ ਭਾਈਚਾਰਿਕ ਜੀਵਾਂ ਦੇ ਮਨਾਂ ਦੀਆਂ ਸੱਧਰਾਂ ਤੇ ਜਜ਼ਬਿਆਂ ਦੀ ਤਰਜਮਾਨੀ ਕਰਦੇ ਹਨ।
- ਜਨਮ, ਵਿਆਹ-ਸ਼ਾਦੀ ਅਤੇ ਮਰਨ ਜੀਵਨ-ਨਾਟਕ ਦੀਆਂ ਤਿੰਨ ਝਾਕੀਆਂ ਹਨ।
- ਜੀਵਨ-ਨਾਟਕ ਦੀਆਂ ਤਿੰਨੇ ਝਾਕੀਆਂ ਦੇ ਰੰਗ-ਮੰਚ ਸਾਡੇ ਘਰਾਂ ਦੇ ਵਿਹੜੇ ਹੁੰਦੇ ਹਨ।
- ਮੁਢਲਾ ਮਨੁੱਖ ਦੈਵੀ ਤਾਕਤਾਂ ਤੋਂ ਬਹੁਤ ਡਰਦਾ ਸੀ।
- ਦੈਵੀ ਤਾਕਤਾਂ ਨੂੰ ਪਤਿਆਉਣ ਕਰਕੇ ਬਹੁਤ ਸਾਰੇ ਸੰਸਕਾਰ ਅਰੰਭ ਹੋਏ।
- ਕੁਝ ਸੰਸਕਾਰ ਖ਼ੁਸ਼ੀਆਂ ਦੇ ਪ੍ਰਗਟਾਵੇ ਤੋਂ ਵੀ ਪੈਦਾ ਹੋਏ।
- ਮਨੂੰ ਨੇ ਜੀਵਨ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ: ਬ੍ਰਹਮਚਰਜ, ਗ੍ਰਿਸਤ, ਬਾਨਪ੍ਰਸਥ, ਸਨਿਆਸ
- ਅਗਨੀ ਚਾਨਣ ਦਾ ਚਿੰਨ੍ਹ ਹੈ।
- ਪਾਣੀ ਸ਼ੁੱਧਤਾ ਦਾ ਚਿੰਨ੍ਹ ਹੈ।
- ਲੋਹਾ ਬਚਾਅ ਦਾ ਚਿੰਨ੍ਹ ਹੈ।
- ਅਨਾਜ ਚੜ੍ਹਾਵੇ ਦਾ ਚਿੰਨ੍ਹ ਹੈ।
- ਹਰੀ ਘਾਹ ਜਾਂ ਬਿਰਖ ਦੀ ਟਾਹਣੀ ਚੰਗੇ ਸ਼ਗਨਾਂ ਦਾ ਚਿੰਨ੍ਹ ਹੈ।
- ਹਰੀ ਘਾਹ ਨੂੰ 'ਦੱਭ' ਵੀ ਕਿਹਾ ਜਾਂਦਾ ਹੈ।

- **ਜਨਮ ਨਾ਼ਲ ਸੰਬੰਧਿਤ ਰਸਮ-ਰਿਵਾਜ:**

| | |
|---|---|
| 1. ਗੁੜ੍ਹਤੀ ਦੀ ਰਸਮ | 4. ਬਾਹਰ ਵਧਾਉਣ ਦੀ ਰਸਮ |
| 2. ਪੰਜਵੀਂ ਨ੍ਹਾਉਣ ਦੀ ਰੀਤ | 5. ਛੂਛਕ ਭੇਜਣਾ |
| 3. ਛਟੀ ਦੀ ਰੀਤ | 6. ਮੁੰਡਨ-ਸੰਸਕਾਰ (ਹਿੰਦੂ ਧਰਮ ਵਿੱਚ) |

- **ਵਿਆਹ ਨਾ਼ਲ ਸੰਬੰਧਿਤ ਰਸਮ-ਰਿਵਾਜ:**

| | |
|---|---|
| 1. ਰੋਕਣ ਜਾਂ ਠਾਕਣ ਦੀ ਰਸਮ | 9. ਘੋੜੀ ਦੀ ਰੀਤ/ ਵਾਗ-ਫੜਾਈ |
| 2. ਕੁੜਮਾਈ ਜਾਂ ਸਗਾਈ | 10. ਮਿਲ਼ਨੀ ਦੀ ਰਸਮ |
| 3. ਸਾਹਾ ਕਢਵਾਉਣਾ | 11. ਫੇਰਿਆਂ ਦੀ ਰਸਮ |
| 4. ਸਾਹੇ ਦੀ ਚਿੱਠੀ ਭੇਜਣਾ | 12. ਵਰੀ ਦਿਖਾਉਣਾ |
| 5. ਸਾਹੇ ਲੱਤ ਬੰਨ੍ਹਣਾ ਜਾਂ ਥੜ੍ਹੇ ਪਾਉਣਾ | 13. ਦਾਜ/ਖੱਟ ਵਿਖਾਉਣਾ |
| 6. ਕੜਾਹੀ ਚਾੜ੍ਹਨੀ | 14. ਪਾਣੀ ਵਾਰਨਾ |
| 7. ਵਟਣੇ ਜਾਂ ਮਾਈਏ ਦੀ ਰੀਤ | 15. ਕੰਙਣਾ ਖੇਡਣਾ |
| 8. ਸੁਰਮਾ ਪੁਆਈ | 16. ਪੇਟੀ-ਖੁਲ੍ਹਾਈ |

- **ਅਕਾਲ-ਚਲਾਣੇ ਜਾਂ ਮੌਤ ਦੀਆਂ ਰਸਮਾਂ:**

| | |
|---|---|
| 1. ਫੂਹੜੀ ਵਿਛਾ ਕੇ ਬੈਠਣਾ<br>2. ਆਖ਼ਰੀ ਇਸ਼ਨਾਨ<br>3. ਅਰਥੀ ਚੁੱਕਣਾ<br>4. ਲਾਂਬੂ ਲਾਉਣਾ | 5. ਕਪਾਲ-ਕਿਰਿਆ<br>6. ਫੁੱਲ ਚੁਗਣੇ<br>7. ਹੰਗਾਮੇ ਦੀ ਰਸਮ<br>8. ਦਸਤਾਰਬੰਦੀ ਦੀ ਰਸਮ |

## ਪੰਜਾਬ ਦੀਆਂ ਲੋਕ-ਖੇਡਾਂ

- ਲੋਕ-ਖੇਡਾਂ ਪੰਜਾਬੀ ਲੋਕ-ਜੀਵਨ ਦਾ ਅਨਿੱਖੜਵਾਂ ਅੰਗ ਹਨ।
- ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ।
- ਜੁੱਸਾ, ਵਿੱਤ ਤੇ ਸੁਭਾਅ ਅਨੁਸਾਰ ਹੀ ਹਰੇਕ ਵਿਅਕਤੀ ਆਪਣੇ ਲਈ ਖੇਡ ਚੁਣਦਾ ਜਾਂ ਸਿਰਜਦਾ ਹੈ।
- ਬੱਚੇ ਦੇ ਜਨਮ ਲੈਣ ਨਾਲ਼ ਹੀ ਖੇਡ-ਪ੍ਰਕਿਰਿਆ ਅਰੰਭ ਹੋ ਜਾਂਦੀ ਹੈ।
- ਖੇਡ-ਰੁਚੀਆਂ ਬੱਚੇ ਦੇ ਸਰੀਰਿਕ, ਮਾਨਸਿਕ ਅਤੇ ਬੋਧਿਕ ਵਿਕਾਸ ਦੀਆਂ ਸੂਚਕ ਹਨ।
- ਖੇਡਾਂ ਮਨੁੱਖ ਅੰਦਰ ਹਾਰ ਨੂੰ ਖਿੜੇ ਮੱਥੇ ਸਵੀਕਾਰਨ ਦੀ ਸ਼ਕਤੀ ਪੈਦਾ ਕਰਦੀਆਂ ਹਨ।
- ਲੋਕ-ਖੇਡਾਂ ਦੇ ਨਿਯਮ ਕਰੜੇ ਨਹੀਂ ਹੁੰਦੇ।
- ਲੋਕ-ਖੇਡਾਂ ਦਾ ਸਮਾਂ-ਸਥਾਨ ਵੀ ਨਿਸ਼ਚਿਤ ਨਹੀਂ ਹੁੰਦਾ।
- ਲੋਕ-ਖੇਡਾਂ ਲਈ ਮਹਿੰਗਾ ਸਮਾਨ ਨਹੀਂ ਖ਼ਰੀਦਣਾ ਪੈਂਦਾ ਸਗੋਂ ਸਥਾਨਿਕ ਉਪਲਬਧ ਸਮਗਰੀ ਨਾਲ਼ ਹੀ ਖੇਡ ਲਿਆ ਜਾਂਦਾ ਹੈ।
- ਲੋਕ-ਖੇਡਾਂ ਬੱਚਿਆਂ ਵਿੱਚ ਸਦਭਾਵਨਾ, ਨੇਕ-ਨੀਅਤੀ, ਇਨਸਾਫ਼ ਵਰਗੇ ਨੈਤਿਕ ਗੁਣ ਪੈਦਾ ਕਰਦੀਆਂ ਹਨ।
- ਖੇਡਣ ਸਮੇਂ ਕਿਸੇ ਇੱਕ ਖਿਡਾਰੀ ਨੂੰ ਮਿੱਤ/ਪਿੱਤ/ਮੀਟ੍ਹੀ/ਵਾਰੀ ਜਾਂ ਦਾਈ ਦੇਣੀ ਪੈਂਦੀ ਹੈ।
- ਦਾਈ ਕੌਣ ਦੇਵੇਗਾ? ਇਹ ਨਿਰਧਾਰਿਤ ਕਰਨ ਲਈ ਪੁੱਗਣਾ ਪੈਂਦਾ ਹੈ।
- ਪੁੱਗਣ ਲਈ ਵੱਖ-ਵੱਖ ਰੀਤਾਂ ਹਨ- ਛੰਦ ਉਚਾਰਨ ਰਾਹੀਂ (ਈਂਗਣ-ਮੀਂਗਣ ਤਲ਼ੀ-ਤਲੀਂਗਣ), ਹੱਥ ਹਵਾ ਵਿੱਚ ਉਛਾਲ਼ ਕੇ ਪੁੱਠੇ-ਸਿੱਧੇ ਕਰਕੇ ਪੁੱਗਿਆ ਜਾਂਦਾ ਹੈ।
- ਟੋਲੀਆਂ ਬਣਾ ਕੇ ਖੇਡੀਆਂ ਜਾਂਦੀਆਂ ਖੇਡਾਂ ਵਿੱਚ 'ਆੜੀ ਮੜ੍ਹਿੱਕਣਾ' ਰਾਹੀਂ ਟੋਲੀਆਂ ਦੀ ਵੰਡ ਕੀਤੀ ਜਾਂਦੀ ਹੈ।
- ਪੁੱਗਣ ਅਤੇ ਆੜੀ ਮੜ੍ਹਿੱਕਣ ਸਮੇਂ ਖੇਡ-ਗੀਤਾਂ ਦਾ ਪ੍ਰਯੋਗ ਹੁੰਦਾ ਹੈ।
- ਲੋਕ-ਖੇਡਾਂ ਵਿੱਚ ਭਾਈਚਾਰਿਕ ਸਾਂਝ ਵੇਖਣ ਨੂੰ ਮਿਲ਼ਦੀ ਹੈ; ਕੋਈ ਜਾਤ-ਪਾਤ ਨਹੀਂ, ਕੋਈ ਉਚ-ਨੀਚ ਨਹੀਂ, ਅਮੀਰੀ ਗ਼ਰੀਬੀ ਦਾ ਪਾੜਾ ਨਹੀਂ।
- ਪੁਰਾਤਨ ਸਮੇਂ ਵਿੱਚ ਪਿੰਡ ਰਲ਼ ਕੇ ਖਿਡਾਰੀਆਂ ਦੀ ਖ਼ੁਰਾਕ ਦਾ ਪ੍ਰਬੰਧ ਕਰਦੇ ਸਨ।
- ਕੁਸ਼ਤੀਆਂ ਪੁਰਾਤਨ ਸਮੇਂ ਤੋਂ ਹੀ ਪੰਜਾਬੀਆਂ ਲਈ ਖਿੱਚ-ਭਰਪੂਰ ਰਹੀਆਂ ਹਨ।
- ਪੰਜਾਬ ਦੀ ਧਰਤੀ ਨੇ ਗਾਮਾ, ਗੂੰਗਾ, ਮੇਹਰਦੀਨ, ਕੇਸਰ ਸਿੰਘ, ਕਿੱਕਰ ਸਿੰਘ ਅਤੇ ਦਾਰਾ ਸਿੰਘ ਵਰਗੇ ਸੰਸਾਰ ਪ੍ਰਸਿੱਧ ਪਹਿਲਵਾਨ ਪੈਦਾ ਕੀਤੇ ਹਨ।
- ਕਬੱਡੀ ਪੰਜਾਬੀਆਂ ਦੀ ਰਾਸ਼ਟਰੀ ਖੇਡ ਹੈ।
- ਸੌਂਚੀ ਪੱਕੀ ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਰਹੀ ਹੈ।
- ਸੌਂਚੀ ਪੱਕੀ ਕਿਸੇ ਹੱਦ ਤੱਕ ਬੌਕਸਿੰਗ ਨਾਲ਼ ਮਿਲ਼ਦੀ-ਜੁਲ਼ਦੀ ਖੇਡ ਹੈ।
- ਖਿੱਦੋ-ਖੂੰਡੀ ਲੋਕ-ਖੇਡ ਹਾਕੀ ਵਿੱਚ ਜਾ ਸਮੋਈ ਹੈ।
- ਲੂਣ-ਤੇਲ-ਲੱਲ੍ਹੇ ਦੀ ਥਾਂ ਕ੍ਰਿਕਟ ਨੇ ਮੱਲ ਲਈ ਹੈ।
- ਅੱਡੀ-ਛੜੱਪਾ ਜਾਂ ਅੱਡੀ-ਟੱਪਾ ਕੁੜੀਆਂ ਦੀ ਹਰਮਨ-ਪਿਆਰੀ ਖੇਡ ਹੈ।
- ਸੱਕਰ-ਭਿੱਜੀ ਮੁੰਡੇ-ਕੁੜੀਆਂ ਦੋਵਾਂ ਦੀ ਹੀ ਹਰਮਨ-ਪਿਆਰੀ ਖੇਡ ਹੈ।
- ਡੰਡਾ-ਡੁੱਕ ਜਾਂ ਪੀਲ-ਪਲੀਂਘਣ ਗਰਮੀਆਂ ਦੀ ਰੁੱਤੇ ਦੁਪਹਿਰ ਸਮੇਂ ਸੰਘਣੇ ਦਰਖ਼ਤਾਂ ਉੱਪਰ ਖੇਡੀ ਜਾਂਦੀ ਸੀ।
- 'ਬਾਂਦਰ-ਕੀਲਾ' ਸਿਆਲ਼ ਰੁੱਤ ਦੀ ਖੇਡ ਹੈ।

- 'ਬਾਂਦਰ-ਕੀਲਾ' ਮੁੰਡੇ-ਕੁੜੀਆਂ ਰਲ਼ ਕੇ ਖੇਡਦੇ ਹਨ।
- ਪ੍ਰਸਿੱਧ ਪੰਜਾਬੀ ਅਖਾਣ ਹੈ: ਖੇਡਾਂ ਅਤੇ ਮਾਂਵਾਂ ਮੁੱਕਣ 'ਤੇ ਹੀ ਚੇਤੇ ਆਉਂਦੀਆਂ ਹਨ।

## ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ

- ਲੋਕ-ਕਿੱਤੇ ਪ੍ਰਾਚੀਨ ਸਮਿਆਂ ਤੋਂ ਹੀ ਮਨੁੱਖੀ ਜੀਵਨ-ਜਾਚ ਦਾ ਹਿੱਸਾ ਰਹੇ ਹਨ।
- ਜਦੋਂ ਕੋਈ ਕਾਮਾ-ਸ਼੍ਰੇਣੀ ਲੰਮਾ ਸਮਾਂ ਲਗਾਤਾਰ ਇੱਕੋ ਕੰਮ ਕਰਦੀ ਰਹੀ ਤਾਂ ਉਸ ਸ਼੍ਰੇਣੀ ਨੂੰ ਕਿੱਤੇ ਦੇ ਨਾਂ ਨਾਲ਼ ਹੀ ਜਾਣਿਆ ਜਾਣ ਲੱਗਾ; ਜਿਵੇਂ: ਲੋਹੇ ਦਾ ਕੰਮ ਕਰਨ ਵਾਲ਼ਿਆਂ ਨੂੰ 'ਲੁਹਾਰ' ਦਾ ਨਾਂ ਦੇ ਦਿੱਤਾ ਗਿਆ।
- ਹੱਥ ਨੂੰ ਸੰਸਕ੍ਰਿਤ ਵਿੱਚ 'ਕਰ' ਕਿਹਾ ਜਾਂਦਾ ਹੈ।
- ਕਿੱਤਾ ਉਸ ਨੂੰ ਕਿਹਾ ਜਾਂਦਾ ਹੈ ਜਿਸ ਕੰਮ ਤੋਂ ਕਿਸੇ ਕਿਰਤ ਦਾ ਨਿਰਮਾਣ ਹੋਵੇ। ਪਰ ਇਹ ਜ਼ਰੂਰੀ ਨਹੀਂ ਕਿ ਸਥੂਲ ਕਿਰਤ (ਛੂਹੀ ਜਾ ਸਕਣ ਵਾਲ਼ੀ ਵਸਤ) ਦਾ ਹੀ ਨਿਰਮਾਣ ਹੋਵੇ।
- ਬਾਜ਼ੀਗਰ ਅਤੇ ਮਰਾਸੀ ਦੋਵੇਂ ਕਿੱਤੇ ਅਸਥੂਲ ਕਿਰਤ (ਮਹਿਸੂਸ ਕਰਨ ਵਾਲ਼ੀ) ਦਾ ਨਿਰਮਾਣ ਕਰਦੇ ਹਨ।
- ਲੋਕ-ਕਿੱਤਾ ਪਿਤਾ-ਪੁਰਖੀ ਕੰਮ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਹੈ।
- ਕਿੱਤਾ ਕਰਨ ਵਾਲ਼ੇ ਨੂੰ ਕਾਰੀਗਰ ਕਿਹਾ ਜਾਂਦਾ ਹੈ।('ਕਾਰ' ਭਾਵ ਕਿੱਤਾ, 'ਗਰ' ਭਾਵ ਕਰਨ ਵਾਲ਼ਾ)
- ਕਾਰੀਗਰੀ ਵਿੱਚ ਮੁਹਾਰਤ ਹਾਸਲ ਹੋਣ 'ਤੇ ਕੰਮ ਵਿੱਚ ਕਲਾ ਤੇ ਸੁਹਜ ਪੈਦਾ ਹੋਣ ਉਪਰੰਤ ਕਾਰੀਗਰੀ ਸ਼ਿਲਪਕਾਰੀ ਦੀ ਸ਼੍ਰੇਣੀ ਵਿੱਚ ਗਿਣੀ ਜਾਂਦੀ ਹੈ।
- ਲੋਕ-ਕਿੱਤਾ ਅਤੇ ਲੋਕ-ਧੰਦਾ ਦੇ ਅਰਥਾਂ ਵਿੱਚ ਮਾਮੂਲੀ ਜਿਹਾ ਫ਼ਰਕ ਹੈ। ਧੰਦੇ ਵਿੱਚ ਧਨ ਪ੍ਰਾਪਤੀ ਨੂੰ ਪਹਿਲ ਦਿੱਤੀ ਜਾਂਦੀ ਹੈ, ਇਸ ਵਿੱਚ ਕਿਰਤ ਦਾ ਨਿਰਮਾਣ ਜ਼ਰੂਰੀ ਨਹੀਂ ਹੁੰਦਾ; ਜਿਵੇਂ: ਵਪਾਰ, ਸ਼ਾਹੂਕਾਰੀ।
- ਪੰਜਾਬੀ ਸੱਭਿਆਚਾਰ ਵਿੱਚ 'ਕਿੱਤੇ' ਦੇ ਮੁਕਾਬਲੇ 'ਧੰਦੇ' ਨੂੰ ਘੱਟ ਸਤਿਕਾਰ ਨਾਲ਼ ਵੇਖਿਆ ਜਾਂਦਾ ਹੈ।
- ਲੋਕ-ਕਿੱਤੇ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਸੱਭਿਆਚਾਰ ਅਤੇ ਰਹਿਤਲ ਦੀਆਂ ਲੋੜਾਂ ਦੀ ਪੂਰਤੀ ਕਰਦਾ ਹੈ।
- ਲੁਹਾਰ/ਤਰਖਾਣ ਖੇਤੀ ਦੇ ਕਿੱਤੇ ਲਈ ਗੱਡਾ, ਸੁਹਾਗਾ, ਹਲ਼, ਪੰਜਾਲ਼ੀ, ਰੰਬਾ, ਕਹੀ, ਦਾਤਰੀ ਆਦਿ ਬਣਾਉਂਦੇ ਰਹੇ ਹਨ।
- ਘਰੇਲੂ ਵਰਤੋਂ ਲਈ ਤਰਖਾਣ ਮੰਜੀ, ਪੀੜ੍ਹੀ, ਚਰਖਾ, ਸੰਦੂਕ, ਘੋਟਣਾ, ਚਕਲਾ-ਵੇਲਣਾ ਆਦਿ ਬਣਾਉਂਦਾ ਰਿਹਾ ਹੈ।
- ਸੁਨਿਆਰ ਗਹਿਣੇ ਤਿਆਰ ਕਰਦਾ ਹੈ।
- ਕਲਿੱਪ, ਬਘਿਆੜੀ, ਸੱਗੀ-ਫੁੱਲ, ਠੂਠੀਆਂ, ਦਾਉਣੀ, ਤੂੰਗਾ ਆਦਿ ਇਸਤਰੀਆਂ ਦੇ ਕੇਸਾਂ ਵਿੱਚ ਗੁੰਦੇ ਜਾਣ ਵਾਲ਼ੇ ਗਹਿਣੇ ਹਨ।
- ਕੰਨਾਂ ਵਿੱਚ ਪਾਏ ਜਾਣ ਵਾਲ਼ੇ ਜ਼ਨਾਨਾ ਗਹਿਣਿਆਂ ਵਿੱਚ ਵਾਲ਼ੀਆਂ, ਕਾਂਟੇ, ਪਿੱਪਲ਼-ਪੱਤੀਆਂ, ਢੇਡੂ, ਝੁਮਕੇ, ਬੁੰਦੇ, ਰੇਲਾਂ, ਡੰਡੀਆਂ ਆਦਿ ਜ਼ਿਕਰਯੋਗ ਹਨ।
- ਨੱਕ ਵਿੱਚ ਪਾਏ ਜਾਣ ਵਾਲ਼ੇ ਜ਼ਨਾਨਾ ਗਹਿਣਿਆਂ ਵਿੱਚ ਨੱਥ, ਬੁਲਾਕ, ਲੌਂਗ, ਤੀਲ੍ਹੀ, ਬੇਸਰ, ਨੁੱਕਰਾ ਆਦਿ ਪ੍ਰਮੁੱਖ ਹਨ।
- ਗਰਦਨ ਦੁਆਲ਼ੇ ਪਾਏ ਜਾਣ ਵਾਲ਼ੇ ਜ਼ਨਾਨਾ ਗਹਿਣਿਆਂ ਵਿੱਚ ਹੱਸ, ਰਾਣੀਹਾਰ, ਤਵੀਤ, ਸੌਂਕਣ ਮਹੁਰਾ, ਮੱਖੀ, ਜੁਗਨੀ, ਹਮੇਲ ਆਦਿ ਜ਼ਿਕਰਯੋਗ ਹਨ।
- ਇਸਤਰੀਆਂ ਦੀ ਵੀਣੀ 'ਤੇ ਪਾਏ ਜਾਣ ਵਾਲ਼ੇ ਗਹਿਣਿਆਂ ਵਿੱਚ ਗੋਖੜੂ, ਪਰੀਬੰਦ, ਚੂੜੀਆਂ, ਕੰਗਣ, ਪਹੁੰਚੀ, ਬਾਂਕਾਂ, ਕਲੀਰੇ ਆਦਿ ਪ੍ਰਮੁੱਖ ਹਨ।
- ਉਂਗਲ਼ਾਂ 'ਤੇ ਪਹਿਨੇ ਜਾਣ ਵਾਲ਼ੇ ਗਹਿਣੇ ਮੁੰਦਰੀ, ਛਾਪ, ਕਲੀਚੜੀ, ਆਰਸੀ ਆਦਿ ਹਨ।
- ਲੋਕ-ਕਿੱਤੇ ਕਾਰੀਗਰ ਦੀ ਵਿਸ਼ੇਸ਼ ਮੁਹਾਰਤ ਸਦਕਾ ਉਸ ਦੀ ਵੱਖਰੀ ਪਛਾਣ ਸਥਾਪਿਤ ਕਰਦੇ ਸਨ।
- ਲੋਕ-ਕਲਾ ਆਦਿ-ਮਾਨਵ ਤੋਂ ਹੀ ਮਨੁੱਖ ਦੀ ਮਾਨਸਿਕ ਤ੍ਰਿਪਤੀ ਦਾ ਸਾਧਨ ਰਹੀ ਹੈ।
- ਸਰਲਤਾ ਅਤੇ ਸਾਦਗੀ ਲੋਕ-ਕਲਾ ਦੇ ਵਿਸ਼ੇਸ਼ ਗੁਣ ਹਨ।
- ਪੰਜਾਬ ਦੀ ਲੋਕ-ਕਲਾ ਸਦਾ ਹੀ ਸੰਵੇਦਨਸ਼ੀਲ, ਸਾਦੀ ਅਤੇ ਮਾਨਵੀ ਮੁੱਲਾਂ ਵਾਲ਼ੀ ਰਹੀ ਹੈ।
- ਲੋਕ-ਕਲਾ ਅਤੇ ਸਾਸ਼ਤਰੀ ਕਲਾ ਵਿੱਚ ਵੱਡਾ ਅੰਤਰ ਇਹੀ ਹੈ ਕਿ ਲੋਕ-ਕਲਾ ਦੇ ਨਿਯਮ ਲਚਕੀਲੇ ਹੁੰਦੇ ਹਨ ਜਦੋਂਕਿ ਸਾਸ਼ਤਰੀ ਕਲਾ ਬੱਝਵੇਂ ਨਿਯਮਾਂ ਵਾਲ਼ੀ ਹੁੰਦੀ ਹੈ।

- ਪੰਜਾਬ ਦੀਆਂ ਬਹੁਤੀਆਂ ਲੋਕ-ਕਲਾਵਾਂ ਦੀਆਂ ਸਿਰਜਕ ਇਸਤਰੀਆਂ ਰਹੀਆਂ ਹਨ।
- ਪੰਜਾਬ ਦੀ ਲੋਕ-ਕਲਾ ਵਿੱਚ ਜੀਵਨ ਦੇ ਸੁਖਾਂਤਿਕ ਪਹਿਲੂ ਹੀ ਪੇਸ਼ ਹੋਏ ਹਨ।
- ਪੰਜਾਬ ਦੀ ਲੋਕ-ਕਲਾ ਅਡੰਬਰ ਤੋਂ ਮੁਕਤ ਹੈ।
- ਲੋਕ-ਕਲਾ ਆਪਣੀ ਸਮਗਰੀ ਨੇੜੇ ਦੇ ਚੁਗਰਿਦੇ ਵਿੱਚੋਂ ਹੀ ਪ੍ਰਾਪਤ ਕਰਦੀ ਹੈ।
- ਪੰਜਾਬ ਦੀ ਲੋਕ-ਕਲਾ ਵਿੱਚ ਬਾਗ਼ ਤੇ ਫੁਲਕਾਰੀ ਦੀ ਕਢਾਈ ਦੀ ਵਿਸ਼ੇਸ਼ ਥਾਂ ਹੈ।
- ਬਾਗ਼ ਦੀ ਕਢਾਈ ਰੰਗਾਈ ਕੀਤੇ ਖੱਦਰ ਉੱਪਰ ਰੰਗ-ਬਰੰਗੇ ਰੇਸ਼ਮੀ ਧਾਗਿਆਂ ਨਾਲ਼ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਕੋਈ ਵੀ ਥਾਂ ਕਢਾਈ ਤੋਂ ਬਿਨਾਂ ਖ਼ਾਲੀ ਨਹੀਂ ਦਿਸਦੀ।
- ਫੁਲਕਾਰੀ ਦੀ ਕਢਾਈ ਰੰਗਾਈ ਕੀਤੇ ਖੱਦਰ ਦੇ ਕੱਪੜੇ ਉੱਪਰ ਬੂਟੀਆਂ ਦੇ ਨਮੂਨੇ ਵਜੋਂ ਕੀਤੀ ਜਾਂਦੀ ਹੈ।
- ਚੋਪ, ਸੁੱਭਰ, ਤਿਲਪੱਤਰਾ ਅਤੇ ਨੀਲਕ ਫੁਲਕਾਰੀ ਦੇ ਪ੍ਰਸਿੱਧ ਨਮੂਨੇ ਹਨ।
- ਚੋਪ ਅਤੇ ਸੁੱਭਰ ਵਿਆਹ ਦੀਆਂ ਫੁਲਕਾਰੀਆਂ ਹਨ।
- ਸੁੱਭਰ, ਗੂੜ੍ਹੇ ਲਾਲ ਰੰਗ ਦਾ ਕਢਾਈ ਕੀਤਾ ਖੱਦਰ ਹੁੰਦਾ ਸੀ ਜਿਸ ਦੀਆਂ ਚਾਰੇ ਨੁੱਕਰਾਂ ’ਤੇ ਕਢਾਈ ਕੀਤੀ ਜਾਂਦੀ ਸੀ।
- ਸੁੱਭਰ ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਆਪਣੇ ਸਿਰ ਉੱਪਰ ਲੈਂਦੀ ਸੀ।
- ਨੀਲੇ ਰੰਗ ਦੇ ਖੱਦਰ ’ਤੇ ਪੀਲ਼ੇ ਜਾਂ ਲਾਲ ਰੰਗ ਦੇ ਧਾਗੇ ਨਾਲ਼ ਕੀਤੀ ਕਢਾਈ ਨੂੰ ਨੀਲਕ ਆਖਦੇ ਹਨ।
- ਛਮਾਸ ਫੁਲਕਾਰੀ ਦੀ ਕਢਾਈ ਸ਼ੀਸ਼ੇ ਦੇ ਟੁਕੜੇ ਲਾ ਕੇ ਕੀਤੀ ਜਾਂਦੀ ਸੀ।
- ਫੁਲਕਾਰੀ ਲਈ ਸਧਾਰਨ ਖੱਦਰ ਤੋਂ ਬਿਨਾਂ ਲਾਲ ਰੰਗ ਦਾ ਮੁਲਾਇਮ ਖੱਦਰ ਵੀ ਇਸਤੇਮਾਲ ਕੀਤਾ ਜਾਂਦਾ ਸੀ ਜਿਸ ਨੂੰ ਹਲਵਾਨ ਕਿਹਾ ਜਾਂਦਾ ਸੀ।
- ਦਰੀਆਂ ਅੱਡੇ ਬਣਾ ਕੇ ਅਤੇ ਖੇਸੀਆਂ ਖੱਡੀ ’ਤੇ ਬੁਣੀਆਂ ਜਾਂਦੀਆਂ ਹਨ।
- ਪੱਖੀਆਂ ਦੀ ਨਮੂਨੇਦਾਰ ਬੁਣਤੀ, ਝੋਲ਼ਿਆਂ ਅਤੇ ਰੁਮਾਲਾਂ ’ਤੇ ਕੀਤੀ ਕਢਾਈ ਵੀ ਪੰਜਾਬ ਦੀਆਂ ਲੋਕ-ਕਲਾਵਾਂ ਦੀ ਜ਼ਿਕਰਯੋਗ ਵੰਨਗੀ ਹੈ।
- ਪੰਜਾਬ ਦੀਆਂ ਲੋਕ-ਕਲਾਵਾਂ ਵਿੱਚ ਸਾਂਝੀ ਅਤੇ ਅਹੋਈ ਦੀਆਂ ਮੂਰਤੀਆਂ ਬਣਾਉਣ ਦੀ ਵੀ ਵਿਸ਼ੇਸ਼ ਮਹੱਤਤਾ ਹੈ।

## ਪੰਜਾਬ ਦੇ ਲੋਕ-ਨਾਚ

- ਲੋਕ-ਨਾਚ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਇਸ ਵਿੱਚ ਕਿਸੇ ਖਿੱਤੇ ਦੇ ਲੋਕਾਂ ਦੀ ਸਮਾਜਿਕ, ਸੱਭਿਆਚਾਰਿਕ, ਨੈਤਿਕ, ਧਾਰਮਿਕ, ਰਾਜਸੀ ਅਤੇ ਇਤਿਹਾਸਿਕ ਜੀਵਨ-ਤੋਰ ਦੀਆਂ ਪਰਤਾਂ ਮੌਜੂਦ ਹੁੰਦੀਆਂ ਹਨ।
- ਪੰਜਾਬ ਵਿੱਚ ਪੰਜ ਹਜ਼ਾਰ ਪੂਰਵ ਈਸਵੀ ਤੋਂ ਲੋਕ-ਨਾਚ ਨੱਚਣ ਦੀ ਪਰੰਪਰਾ ਦੇ ਪ੍ਰਮਾਣ ਮਿਲ਼ਦੇ ਹਨ।
- ਪੰਜਾਬ ਦੇ ਲੋਕ-ਨਾਚਾਂ ਦਾ ਵਰਗੀਕਰਨ ਦੋ ਪੱਧਰਾਂ ’ਤੇ ਕੀਤਾ ਜਾਂਦਾ ਹੈ- ਇਸਤਰੀਆਂ ਦੇ ਲੋਕ-ਨਾਚ ਅਤੇ ਮਰਦਾਵੇਂ ਲੋਕ-ਨਾਚ।
- ਇਸਤਰੀਆਂ ਦੇ ਲੋਕ-ਨਾਚਾਂ ਵਿੱਚ ਗਿੱਧਾ, ਸੰਮੀ, ਕਿੱਕਲੀ, ਹੁੱਲੇ-ਹੁਲਾਰੇ ਪ੍ਰਮੁੱਖ ਰੂਪ ਵਿੱਚ ਸ਼ਾਮਲ ਹਨ।
- ਗਿੱਧਾ ਤਾਲੀ ਨਾਚ ਹੈ। ਤਾੜੀ ਦਾ ਵਹਾਅ ਬੋਲੀਆਂ ਅਤੇ ਟੱਪਿਆਂ ਦੇ ਨਾਲ਼-ਨਾਲ਼ ਚੱਲਦਾ ਹੈ।
- ਪੰਜਾਬਣਾਂ ਆਪਣੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿੱਚੋਂ ਗਿੱਧੇ ਵਾਸਤੇ ਮੌਕੇ ਸਿਰਜ ਲੈਂਦੀਆਂ ਹਨ।
- ਗਿੱਧੇ ਦੀਆਂ ਮੁਦਰਾਵਾਂ ਨੂੰ ਸੀਮਿਤ ਨਹੀਂ ਕੀਤਾ ਜਾ ਸਕਦਾ।
- ਟੱਪੇ ਜਾਂ ਬੋਲੀ ਦੇ ਉਚਾਰ-ਸੰਦਰਭ ਵਿੱਚੋਂ ਨਵੀਂ ਅਤੇ ਮੌਕੇ ਅਨੁਸਾਰ ਮੁਦਰਾ ਸਿਰਜ ਲਈ ਜਾਂਦੀ ਹੈ।
- ਗਿੱਧੇ ਲਈ ਕਿਸੇ ਖ਼ਾਸ ਸਾਜ਼ ਦੀ ਜ਼ਰੂਰਤ ਨਹੀਂ ਹੁੰਦੀ।
- ਗਿੱਧੇ ਨੂੰ ਪੰਜਾਬ ਦਾ ਸਰਤਾਜ ਲੋਕ-ਨਾਚ ਮੰਨਿਆ ਗਿਆ ਹੈ।
- ਸੰਮੀ ਲੋਕ-ਨਾਚ ਪੱਛਮੀ ਪੰਜਾਬ ਦੀਆਂ ਬਾਰਾਂ ਦੇ ਇਲਾਕਿਆਂ ਵਿੱਚ ਪ੍ਰਚਲਿਤ ਰਿਹਾ ਹੈ।
- ਸੰਮੀ ਲੋਕ-ਨਾਚ ਦੇ ਜਨਮ ਅਤੇ ਪ੍ਰਫੁਲਿਤ ਹੋਣ ਸੰਬੰਧੀ ਕਈ ਧਾਰਨਾਵਾਂ ਅਤੇ ਦੰਤ-ਕਥਾਵਾਂ ਪ੍ਰਚਲਿਤ ਹਨ।
- ਸੰਮੀ ਲੋਕ-ਨਾਚ ਦੀਆਂ ਮੁਦਰਾਵਾਂ ਗਿੱਧੇ ਦੀਆਂ ਮੁਦਰਾਵਾਂ ਤੋਂ ਭਿੰਨ ਹੁੰਦੀਆਂ ਹਨ।
- ਸੰਮੀ ਲੋਕ-ਨਾਚ ਵਧੇਰੇ ਕਰਕੇ ਬਾਹਾਂ ਦੇ ਹਿਲੋਰਿਆਂ ਉੱਤੇ ਆਧਾਰਿਤ ਹੈ।

- ਕਿੱਕਲੀ ਛੋਟੀਆਂ ਕੁੜੀਆਂ ਦਾ ਲੋਕ-ਨਾਚ ਹੈ।
- ਕਿੱਕਲੀ ਨੂੰ ਗਿੱਧੇ ਦੀ ਨਰਸਰੀ ਵੀ ਕਿਹਾ ਜਾ ਸਕਦਾ ਹੈ।
- ਮਰਦਾਵੇਂ ਲੋਕ-ਨਾਚਾਂ ਵਿੱਚ ਭੰਗੜਾ, ਝੂੰਮਰ, ਲੁੱਡੀ, ਮਲਵੱਈਆਂ ਦਾ ਗਿੱਧਾ ਆਦਿ ਪ੍ਰਮੁੱਖ ਹਨ।
- ਭੰਗੜਾ ਮੂਲ ਰੂਪ ਵਿੱਚ ਕਿਰਸਾਣੀ-ਨਾਚ ਹੈ।
- ਭੰਗੜਾ ਲੋਕ-ਸਾਜ਼ ਢੋਲ ਦੀ ਸਰਲ ਤਾਲ 'ਤੇ ਨੱਚਿਆ ਜਾਂਦਾ ਹੈ।
- ਭੰਗੜੇ ਦੀ ਟੋਲੀ ਵਿੱਚੋਂ ਹੀ ਨਚਾਰ ਜਾਂ ਢੋਲਚੀ ਬੋਲੀ ਪਾਉਂਦਾ ਹੈ ਅਤੇ ਬਾਕੀ ਉਸ ਦਾ ਸਾਥ ਦਿੰਦੇ ਹਨ।
- ਭੰਗੜੇ ਦੀਆਂ ਅਣਗਿਣਤ ਮੁਦਰਾਵਾਂ ਹਨ।
- ਭੰਗੜੇ ਵਿੱਚ ਨਚਾਰਾਂ ਦੀ ਗਿਣਤੀ ਨਿਰਧਾਰਿਤ ਨਹੀਂ ਹੁੰਦੀ।
- ਵਰਤਮਾਨ ਸਮੇਂ ਭੰਗੜੇ ਦਾ ਅਸਲ ਸਰੂਪ ਬਦਲ ਚੁੱਕਾ ਹੈ।
- ਝੂੰਮਰ ਪੱਛਮੀ ਪੰਜਾਬ ਦੇ ਸਾਂਦਲ ਬਾਰ ਦਾ ਲੋਕ-ਨਾਚ ਹੈ।
- ਝੂੰਮਰ ਲੋਕ-ਗੀਤ 'ਢੋਲੇ' ਦੇ ਬੋਲਾਂ ਰਾਹੀਂ ਢੋਲ ਦੀ ਤਾਲ 'ਤੇ ਨੱਚਿਆ ਜਾਂਦਾ ਹੈ।
- ਝੂੰਮਰ ਦੀਆਂ ਤਿੰਨ ਤਾਲਾਂ- ਮੱਠੀ ਤਾਲ, ਤੇਜ਼ ਤਾਲ ਅਤੇ ਬਹੁਤ ਹੀ ਤੇਜ਼ ਤਾਲ ਹੁੰਦੀਆਂ ਹਨ।
- ਝੂੰਮਰ ਦੇ ਅੰਤਿਮ ਪੜਾਅ ਤੱਕ ਕੁਝ ਹੀ ਨਚਾਰ ਨੱਚਦੇ ਰਹਿ ਜਾਂਦੇ ਹਨ।
- ਲੁੱਡੀ ਨੀਮ-ਪਹਾੜੀ ਅਤੇ ਨਾਲ਼ ਲੱਗਦੇ ਮੈਦਾਨੀ ਇਲਾਕਿਆਂ ਵਿੱਚ ਪ੍ਰਚਲਿਤ ਰਿਹਾ ਹੈ।
- ਲਚਕ ਅਤੇ ਮਸਤੀ ਭਰਪੂਰ ਅਦਾਵਾਂ ਵਾਲ਼ੇ ਇਸ ਸਰਲ ਨਾਚ ਨੂੰ ਇਸਤਰੀਆਂ ਦਾ ਲੋਕ-ਨਾਚ ਵੀ ਸਮਝ ਲਿਆ ਜਾਂਦਾ ਹੈ।
- ਲੁੱਡੀ ਮੂਲ ਰੂਪ ਵਿੱਚ ਜਿੱਤ ਜਾਂ ਖ਼ੁਸ਼ੀ ਦਾ ਨਾਚ ਹੈ।
- ਮਾਲਵਾ ਭੂ-ਖੰਡ ਵਿੱਚ ਮਰਦਾਂ ਦਾ ਗਿੱਧਾ ਪ੍ਰਚਲਿਤ ਰਿਹਾ ਹੈ। ਇਸ ਨੂੰ 'ਚੋਬਰਾਂ ਦਾ ਗਿੱਧਾ' ਜਾਂ 'ਮਲਵੱਈਆਂ ਦਾ ਗਿੱਧਾ' ਵੀ ਆਖਿਆ ਜਾਂਦਾ ਹੈ।
- 'ਧਮਾਲ' ਲੋਕ-ਨਾਚ ਸੂਫ਼ੀਆਂ-ਸੰਤਾਂ ਦੇ ਡੇਰਿਆਂ 'ਤੇ ਨੱਚਿਆ ਜਾਂਦਾ ਰਿਹਾ ਹੈ।
- ਭਗਤ-ਨਾਚ, ਜੰਗਮ-ਨਾਚ, ਨਾਮਧਾਰੀ-ਨਾਚ, ਸੁਥਰਾ-ਨਾਚ, ਗੁੱਗਾ-ਨਾਚ ਆਦਿ ਲਗ-ਪਗ ਲੁਪਤ ਹੋ ਚੁੱਕੇ ਹਨ।

## ਪੰਜਾਬ ਦੀਆਂ ਨਕਲਾਂ

- ਨਕਲਾਂ ਨੂੰ ਸਾਂਗ ਜਾਂ ਰੀਸ ਵੀ ਕਿਹਾ ਜਾਂਦਾ ਹੈ।
- ਨਕਲਾਂ ਲਈ 'ਭੰਡ-ਭੰਡੌਤੀ' ਨਾਂ ਵੀ ਵਰਤਿਆ ਜਾਂਦਾ ਹੈ।
- ਨਕਲਾਂ ਮੌਖਿਕ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੁਰੀਆਂ ਜਾਂਦੀਆਂ ਹਨ।
- ਲਿਖਤੀ ਰੂਪ ਵਿੱਚ ਆ ਕੇ ਨਕਲਾਂ ਸਥਿਰ ਅਤੇ ਨਿਰਜੀਵ ਹੋ ਜਾਂਦੀਆ ਹਨ।
- ਸਮਾਂ, ਸਥਾਨ ਅਤੇ ਪ੍ਰਸੰਗ ਦੇ ਬਦਲਣ ਨਾਲ਼ ਨਕਲਾਂ ਦੀ ਸਾਰਥਕਤਾ ਵੀ ਘੱਟ-ਵੱਧ ਹੁੰਦੀ ਰਹਿੰਦੀ ਹੈ।
- ਨਕਲਾਂ ਕਰਨ ਵਾਲ਼ੇ ਕਲਾਕਾਰਾਂ ਨੂੰ ਨਕਲੀਏ ਕਿਹਾ ਜਾਂਦਾ ਹੈ।
- ਵਿਸ਼ੇ ਪੱਖੋਂ ਨਕਲਾਂ ਦੀਆਂ ਕਿਸਮਾਂ ਜਨਮ, ਵਿਆਹ, ਹੂ-ਬਹੂ ਸਾਂਗਾਂ, ਕਿੱਤਿਆਂ ਅਤੇ ਵਿਸ਼ੇਸ਼ ਵਿਅਕਤੀਆਂ ਬਾਰੇ ਮੰਨੀਆਂ ਜਾਂਦੀਆਂ ਹਨ।
- ਰੂਪ ਪੱਖੋਂ ਨਕਲਾਂ ਦੋ ਕਿਸਮ ਦੀਆਂ ਹੁੰਦੀਆਂ ਹਨ- ਨਿੱਕੀਆਂ ਨਕਲਾਂ ਅਤੇ ਲੰਮੀਆਂ ਨਕਲਾਂ।
- ਨਿੱਕੀਆਂ ਨਕਲਾਂ ਨੂੰ ਦੋ ਹੀ ਕਲਾਕਾਰ ਖੇਡਦੇ ਹਨ- ਇੱਕ ਦੇ ਹੱਥ ਵਿੱਚ ਚਮੋਟਾ ਹੁੰਦਾ ਹੈ ਅਤੇ ਦੂਜੇ ਦੇ ਹੱਥ ਵਿੱਚ ਤਬਲਾ।
- ਨਿੱਕੀਆਂ ਨਕਲਾਂ ਦਾ ਸਮਾਂ ਪੰਜ ਤੋਂ ਦਸ ਮਿੰਟ ਹੁੰਦਾ ਹੈ।
- ਨਿੱਕੀਆਂ ਨਕਲਾਂ ਦਾ ਅੰਤ ਪਟਾਕੇ ਵਾਂਗ ਫਟਦਾ ਹੈ।
- ਲੰਮੀਆਂ ਨਕਲਾਂ ਇੱਕ ਪੂਰੀ ਟੋਲੀ ਦੁਆਰਾ ਖੇਡੀਆਂ ਜਾਂਦੀਆਂ ਹਨ।
- ਲੰਮੀਆਂ ਨਕਲਾਂ ਵਿੱਚ ਦਸ-ਪੰਦਰਾਂ ਪਾਤਰ ਹੁੰਦੇ ਹਨ।
- ਲੰਮੀਆਂ ਨਕਲਾਂ ਦਾ ਸਮਾਂ ਤਿੰਨ ਘੰਟੇ ਤੱਕ ਹੋ ਸਕਦਾ ਹੈ।
- ਲੰਮੀਆਂ ਨਕਲਾਂ ਵਿੱਚ ਮਹੱਤਵਪੂਰਨ ਪਾਤਰ ਦੋ ਹੀ ਹੁੰਦੇ ਹਨ- ਇੱਕ ਰੰਗਾ ਅਤੇ ਦੂਜਾ ਬਿਗਲਾ।

- ਰੰਗਾ ਸ਼ਬਦਾਂ ਦਾ ਮਹਿਲ ਉਸਾਰਦਾ ਹੈ ਅਤੇ ਬਿਗਲਾ ਲੱਤ ਮਾਰ ਕੇ ਢਾਹ ਦਿੰਦਾ ਹੈ।
- ਰੰਗਾ ਲੰਮੀਆਂ ਨਕਲਾਂ ਦਾ ਨਿਰਦੇਸ਼ਕ ਵੀ ਹੁੰਦਾ ਹੈ।
- ਬਹੁਤਾ ਸਿਆਣਾ ਨਕਲੀਆ ਹੀ ਰੰਗਾ ਬਣਦਾ ਹੈ।
- ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ।
- ਨਕਲੀਏ ਦੀ ਸੰਬੋਧਨੀ-ਸ਼ੈਲੀ ਬਹੁ-ਪਸਾਰੀ ਹੁੰਦੀ ਹੈ।
- ਦਰਸ਼ਕਾਂ ਦੁਆਰਾ ਅਦਾਕਾਰਾਂ ਨੂੰ ਦਿੱਤੇ ਪੈਸਿਆਂ ਨੂੰ 'ਵੇਲ' ਕਿਹਾ ਜਾਂਦਾ ਹੈ।
- ਮੰਚ ਦੇ ਪੱਖ ਤੋਂ ਨਕਲਾਂ ਸਮੂਹਿਕ ਅਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ।
- ਨਕਲਾਂ ਵਿੱਚ ਸਿਰਫ਼ ਸੰਕੇਤਿਕ ਅਤੇ ਲੁੜੀਂਦੀ ਸਮਗਰੀ ਹੀ ਵਰਤੀ ਜਾਂਦੀ ਹੈ।
- ਨਕਲਾਂ ਖੇਡਣ ਲਈ ਤਿੰਨ ਪ੍ਰਕਾਰ ਦਾ ਪਿੜ ਵਰਤਿਆ ਜਾਂਦਾ ਹੈ- ਘੱਗਰੀ, ਤੀਰ ਕਮਾਨੀ ਅਤੇ ਦਰਖ਼ਤ ਵਾਲ਼ਾ ਥੜ੍ਹਾ।
- ਪੰਜਾਬੀ ਸੱਭਿਆਚਾਰ ਅਨੁਸਾਰ ਨਕਲਾਂ ਤਿੰਨ ਸਮੇਂ ਖੇਡੀਆਂ ਜਾਂਦੀਆਂ ਹਨ- ਮੁੰਡੇ ਦੇ ਜਨਮ, ਮੁੰਡੇ ਦੇ ਵਿਆਹ ਅਤੇ ਮੇਲੇ-ਤਿਉਹਾਰ ਸਮੇਂ।
- ਆਧੁਨਿਕ ਤਕਨਾਲੋਜੀ ਦੇ ਯੁੱਗ ਵਿੱਚ ਵੀ ਲੋਕ ਬੜੀ ਦਿਲਚਸਪੀ ਨਾਲ਼ ਨਕਲਾਂ ਨੂੰ ਦੇਖਦੇ ਹਨ।

## ਪੰਜਾਬੀ ਸੱਭਿਆਚਾਰਿਕ ਪਰਿਵਰਤਨ

- ਸੱਭਿਆਚਾਰ ਇੱਕ ਵਗਦਾ ਦਰਿਆ ਹੈ।
- ਪੈਦਾਵਾਰੀ ਸਾਧਨਾਂ ਅਤੇ ਤਕਨੀਕ ਦੇ ਬਦਲ ਜਾਣ ਨਾਲ਼ ਸੱਭਿਆਚਾਰ ਵਿੱਚ ਵੀ ਤਬਦੀਲੀ ਦੇਖਣ ਨੂੰ ਮਿਲ਼ਦੀ ਹੈ।
- ਖੇਤੀ-ਬਾੜੀ ਆਧਾਰਿਤ ਜਗੀਰਦਾਰੀ ਪ੍ਰਬੰਧ ਮਰਦ-ਪ੍ਰਧਾਨ ਰਿਹਾ ਹੈ।
- ਜਗੀਰਦਾਰੀ ਪ੍ਰਬੰਧ ਵਿੱਚ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ।
- ਬਜ਼ਾਰ ਵਿੱਚ ਵਿਦੇਸ਼ੀ ਕੱਪੜੇ ਰਵਾਇਤੀ ਪਹਿਰਾਵੇ ਦੇ ਮੁਕਾਬਲੇ ਸਸਤੇ ਮਿਲ਼ ਰਹੇ ਹਨ।
- ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਬਹੁਤ ਤਬਦੀਲੀ ਆਈ ਹੈ।
- ਪੰਜਾਬ ਵਿੱਚ ਮਾਸ ਪਕਾਉਣ ਦੇ ਬਹੁਤੇ ਤਰੀਕੇ ਮੁਗ਼ਲਾਂ ਨਾਲ਼ ਹੀ ਆਏ ਸਨ।
- ਰਸਗੁੱਲਾ ਬੰਗਾਲ ਤੋਂ ਪੰਜਾਬ ਵਿੱਚ ਆਇਆ ਹੈ ਅਤੇ ਢੋਕਲਾ ਗੁਜਰਾਤ ਤੋਂ।
- ਡੋਸਾ, ਸਾਂਬਰ, ਇਡਲੀ ਦੱਖਣ ਦੇ ਖਾਣੇ ਹਨ।
- ਸਾਨੂੰ ਆਪਣੇ ਰਵਾਇਤੀ ਖਾਣਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਕਿਉਂਕਿ ਆਪਣੇ ਇਲਾਕੇ ਵਿੱਚ ਪੈਦਾ ਹੋਏ ਖਾਧ-ਖ਼ੁਰਾਕ ਦੇ ਪਦਾਰਥ ਸਿਹਤ ਲਈ ਵਧੇਰੇ ਲਾਹੇਵੰਦ ਹੁੰਦੇ ਹਨ।
- ਚੰਗੀ ਸਿਹਤ ਲਈ ਡੱਬਾਬੰਦ ਖਾਣਿਆਂ ਤੋਂ ਬਚਣਾ ਚਾਹੀਦਾ ਹੈ।
- ਰਵਾਇਤੀ ਖਾਣਿਆਂ ਨੂੰ ਪਹਿਲ ਦੇਣੀ ਪੰਜਾਬ ਦੇ ਅਰਥਚਾਰੇ ਦੇ ਵਿਕਾਸ ਲਈ ਵੀ ਜ਼ਰੂਰੀ ਹੈ।
- ਸ਼ਰਾਬ ਅਤੇ ਨਸ਼ੇ ਦੀ ਵਧ ਰਹੀ ਵਰਤੋਂ ਪੰਜਾਬੀ ਸੱਭਿਆਚਾਰ ਉੱਪਰ ਵੱਡਾ ਧੱਬਾ ਹੈ।
- ਪੰਜਾਬ ਵਿੱਚ ਪਿੰਡਾਂ ਦੀ ਬਜਾਏ ਸ਼ਹਿਰਾਂ ਵਿੱਚ ਵੱਸਣ ਦਾ ਰੁਝਾਨ ਵਧਿਆ ਹੈ।
- ਸਾਂਝੇ ਪਰਿਵਾਰਾਂ ਦੀ ਥਾਂ ਹੁਣ ਜੋੜਾ-ਪਰਿਵਾਰਾਂ ਨੇ ਲੈ ਲਈ ਹੈ।
- ਇਹਨਾਂ ਦੋ ਰੁਝਾਨਾਂ ਨੇ ਪੰਜਾਬੀ ਸੱਭਿਆਚਾਰ ਨੂੰ ਵੱਡੀ ਢਾਹ ਲਾਈ ਹੈ।
- ਬਜ਼ੁਰਗ ਘਰ ਵਿੱਚ ਨਾ ਹੋਣ ਕਾਰਨ ਨਵੀਂ ਪੀੜ੍ਹੀ ਸੱਭਿਆਚਾਰਿਕ ਸੰਸਕਾਰਾਂ ਤੋਂ ਵਾਂਝੀ ਰਹਿ ਜਾਂਦੀ ਹੈ।
- ਸਾਨੂੰ ਸਾਂਝੇ ਪਰਿਵਾਰਾਂ ਅਤੇ ਜੋੜਾ-ਪਰਿਵਾਰਾਂ ਦੇ ਵਿਚਕਾਰਲਾ ਰੂਪ ਸਿਰਜਣ ਦੀ ਲੋੜ ਹੈ। ਮਾਤਾ-ਪਿਤਾ ਨੂੰ ਘਰ ਵਿੱਚ ਨਾਲ਼ ਰੱਖ ਕੇ ਅਜਿਹਾ ਕਰਨਾ ਸੰਭਵ ਹੈ।
- ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਵੀ ਵਧਿਆ ਹੈ।
- ਗ਼ੈਰਕਨੂੰਨੀ ਢੰਗ ਨਾਲ਼ ਵਿਦੇਸ਼ ਗਿਆ ਬੰਦਾ ਪੰਜਾਬੀ ਸੱਭਿਆਚਾਰ ਦੀ ਖ਼ੁਸ਼ਬੋ ਨਹੀਂ ਫੈਲਾਅ ਸਕਦਾ।
- ਨਵੀਂ ਪੀੜ੍ਹੀ ਨਵੇਂ ਸੰਚਾਰ-ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ।
- ਵਾਤਾਵਰਨ ਵਿੱਚ ਪੈਦਾ ਹੋ ਰਹੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਸਾਨੂੰ ਆਪਣੇ ਪੁਰਾਤਨ ਸੱਭਿਆਚਾਰ ਵੱਲ ਮੁੜਨਾ ਪਵੇਗਾ। ਜਿਵੇਂ ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਥਾਂ ਝੋਲ਼ੇ ਦੀ ਵਰਤੋਂ ਕਰਨ ਦੀ ਆਦਤ ਪਾਉਣ ਦੀ ਲੋੜ ਹੈ।
- 'ਮਾਤਾ ਧਰਤਿ ਮਹਤੁ' ਨੂੰ ਸਮਝ ਕੇ ਮਿੱਟੀ ਅਤੇ ਬਨਸਪਤੀ ਦੀ ਕਦਰ ਕਰਨੀ ਪਵੇਗੀ।

- ਸੱਭਿਆਚਾਰ ਲਈ ਭਾਸ਼ਾ ਵਾਹਨ ਹੁੰਦੀ ਹੈ।
- ਵਿਦੇਸ਼ੀ ਭਾਸ਼ਾ ਦੀ ਵਰਤੋਂ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਤੋਂ ਦੂਰ ਕਰ ਰਹੀ ਹੈ।
- ਪੰਜਾਬੀ ਗੀਤਾਂ ਅਤੇ ਫ਼ਿਲਮਾਂ ਵਿੱਚ 'ਜੱਟ' ਸ਼ਬਦ ਦੀ ਵਰਤੋਂ ਬਹੁਤ ਵਧ ਗਈ ਹੈ ਅਤੇ ਉਸ ਨੂੰ ਹਿੰਸਕ ਅਤੇ ਸ਼ਰਾਬੀ ਦੇ ਰੂਪ ਵਿੱਚ ਚਿਤਰਿਆ ਗਿਆ ਹੈ।
- ਹਰ ਪੰਜਾਬੀ ਨੂੰ ਆਪਣੇ ਸੱਭਿਆਚਾਰ ਉੱਪਰ ਅਭਿਮਾਨ ਨਹੀਂ ਸਗੋਂ ਮਾਣ ਕਰਨਾ ਚਾਹੀਦਾ ਹੈ।
- ਕਿਰਤ ਕਰਨਾ ਅਤੇ ਵੰਡ ਛਕਣ ਦੇ ਨਾਲ਼ ਸਬਰ, ਸੰਤੋਖ ਅਤੇ ਸਹਿਜਤਾ ਨੂੰ ਅਪਣਾਉਣ ਦੀ ਲੋੜ ਹੈ।

## ਵਸਤੂਨਿਸ਼ਠ ਪ੍ਰਸ਼ਨ

### ਇੱਕ-ਦੋ ਸ਼ਬਦਾਂ ਵਿੱਚ ਉੱਤਰ ਵਾਲ਼ੇ ਪ੍ਰਸ਼ਨ: (5 ਅੰਕ)

1. ਪੰਜਾਬੀ ਚਰਿੱਤਰ ਅੰਦਰ ਬੀਜ ਰੂਪ ਵਿੱਚ ਕੀ ਸਮਾਇਆ ਹੋਇਆ ਹੈ?
2. ਪੰਜਾਬੀ ਗੱਭਰੂਆਂ ਦਾ ਪ੍ਰਮੁੱਖ ਲੋਕ-ਨਾਚ ਕਿਹੜਾ ਹੈ?
3. ਸੋਨੇ ਦਾ ਕਿੱਤਾ ਕਰਨ ਵਾਲ਼ੇ ਨੂੰ ਕੀ ਕਿਹਾ ਜਾਂਦਾ ਹੈ?
4. ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ?
5. ਅਜੋਕੇ ਭਾਰਤੀ ਪੰਜਾਬ ਵਿੱਚ ਕਿੰਨੇ ਦਰਿਆ ਰਹਿ ਗਏ ਹਨ?
6. ਹਿੰਦੂ ਪਰਿਵਾਰਾਂ ਵਿੱਚ ਬੱਚੇ ਦਾ ਮੁੰਡਨ-ਸੰਸਕਾਰ ਕਦੋਂ ਕੀਤਾ ਜਾਂਦਾ ਹੈ?
7. ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ?
8. ਕਿਹੜੇ ਲੋਕ-ਨਾਚ ਨੂੰ 'ਗਿੱਧੇ ਦੀ ਨਰਸਰੀ' ਮੰਨਿਆ ਜਾਂਦਾ ਹੈ?
9. ਹੰਗਾਮੇ ਸਮੇਂ ਕਿਹੜੀ ਰਸਮ ਕੀਤੀ ਜਾਂਦੀ ਹੈ?
10. ਜਰਗ ਦਾ ਮੇਲਾ ਕਿਸ ਨੂੰ ਪਤਿਆਉਣ ਲਈ ਲੱਗਦਾ ਹੈ?
11. ਬਾਗ਼ ਅਤੇ ਫੁਲਕਾਰੀ ਦੀ ਕਢਾਈ ਕਿਸ ਕੱਪੜੇ ਉੱਪਰ ਕੀਤੀ ਜਾਂਦੀ ਹੈ?
12. ਕਿਹੜੀਆਂ ਨਕਲਾਂ ਨੂੰ ਖੇਡਣ ਵਾਲ਼ੇ ਪਾਤਰ ਰੰਗਾ ਅਤੇ ਬਿਗਲਾ ਹੁੰਦੇ ਹਨ?
13. ਸਾਵਣ ਦੀ ਪੂਰਨਮਾਸੀ ਨੂੰ ਕਿਹੜਾ ਤਿਉਹਾਰ ਮਨਾਇਆ ਜਾਂਦਾ ਹੈ?
14. ਕਿਹੜਾ ਵੇਦ ਭਾਰਤੀ ਸੱਭਿਆਚਾਰ ਦਾ ਮਹਾਨ ਸ੍ਰੋਤ ਮੰਨਿਆ ਜਾਂਦਾ ਹੈ?
15. ਸੰਸਕ੍ਰਿਤ ਵਿੱਚ ਹੱਥ ਨੂੰ ਕੀ ਕਿਹਾ ਜਾਂਦਾ ਹੈ?
16. 'ਚੁੰਮ-ਚੁੰਮ ਰੱਖੋ' ਕਵਿਤਾ ਦੇ ਕਵੀ ਦਾ ਨਾਂ ਦੱਸੋ।
17. 'ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ ਦਾ ਕਵੀ ਕੌਣ ਹੈ?
18. 'ਤਾਜ ਮਹੱਲ' ਕਵਿਤਾ ਦਾ ਕਵੀ ਕੌਣ ਹੈ?
19. 'ਵਗਦੇ ਪਾਣੀ' ਕਵਿਤਾ ਦਾ ਕਵੀ ਕੌਣ ਹੈ?
20. ਸ਼ਿਵ ਕੁਮਾਰ ਬਟਾਲਵੀ ਦੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਦਾ ਹਿੱਸਾ ਹੈ?
21. ਸੁਰਜੀਤ ਪਾਤਰ ਦੀ ਕਿਹੜੀ ਕਵਿਤਾ ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ?
22. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਹਾਣੀਆਂ ਵਿੱਚੋਂ 'ਜੀਤੋ' ਕਿਸ ਕਹਾਣੀ ਦੀ ਪਾਤਰ ਹੈ?
23. ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਕਹਾਣੀਆਂ ਵਿੱਚੋਂ 'ਰਿਕਸ਼ੇ ਵਾਲ਼ਾ' ਕਿਸ ਕਹਾਣੀ ਦਾ ਪਾਤਰ ਹੈ?
24. 'ਸਾਂਝ' ਕਹਾਣੀ ਦੇ ਇੱਕ ਪਾਤਰ ਦਾ ਨਾਂ ਦੱਸੋ।
25. 'ਆਪਣਾ ਦੇਸ' ਕਹਾਣੀ ਦਾ ਪਾਤਰ ਵਿਦੇਸ਼ ਜਾਣ ਤੋਂ ਪਹਿਲਾਂ ਕਿਹੜਾ ਕਿੱਤਾ ਕਰਦਾ ਸੀ?
26. 'ਚੰਗੀ ਸੰਗਤ ਕਰਨ ਅਤੇ ਬੁਰੀ ਸੰਗਤ ਤੋਂ ਬਚਣ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?
27. 'ਕੰਮ ਨੂੰ ਅੱਗੇ ਪਾਉਣ ਦੀ ਥਾਂ ਤੁਰੰਤ ਕਰਨ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?
28. ਜਦੋਂ ਇਹ ਦੱਸਣਾ ਹੋਵੇ ਕਿ 'ਭਾਈਚਾਰੇ ਵਿੱਚ ਸਭ ਬਰਾਬਰ ਹੁੰਦੇ ਹਨ' ਤਾਂ ਕਿਹੜੀ ਢੁਕਵੀਂ ਅਖਾਉਤ ਵਰਤੀ ਜਾਂਦੀ ਹੈ?
29. 'ਜਦੋਂ ਕੋਈ ਘਰ ਦੇ ਸਿਆਣੇ ਜੀਆਂ ਦੀ ਤਾਂ ਕਦਰ ਨਾ ਕਰੇ ਅਤੇ ਬਾਹਰ ਦੇ ਲੋਕਾਂ ਨੂੰ ਜ਼ਿਆਦਾ ਸਿਆਣਾ ਸਮਝੇ' ਤਾਂ ਇਸ ਸਥਿਤੀ ਲਈ ਕਿਹੜੀ ਅਖਾਉਤ ਢੁਕਵੀਂ ਹੈ?
30. 'ਦੂਜਿਆਂ ਦੀ ਝਾਕ ਛੱਡ ਕੇ ਆਪਣਾ ਕੰਮ ਆਪ ਕਰਨ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?

**ਬਹੁ-ਚੋਣਵੇਂ ਪ੍ਰਸ਼ਨ:** **(5 ਅੰਕ)**

**1. ਹੋਲੀ ਦਾ ਤਿਉਹਾਰ ਕਦੋਂ ਮਨਾਇਆ ਜਾਂਦਾ ਹੈ?**

(ੳ) ਮਾਘ ਵਿੱਚ (ਅ) ਕੱਤਕ ਵਿੱਚ

(ੲ) ਫੱਗਣ ਵਿੱਚ (ਸ) ਜੇਠ ਵਿੱਚ

**2. ਕੁੜੀਆਂ ਦੀ ਹਰਮਨ-ਪਿਆਰੀ ਖੇਡ ਕਿਹੜੀ ਹੈ?**

(ੳ) ਬਾਂਦਰ-ਕੀਲਾ (ਅ) ਡੰਡਾ-ਡੁੱਕ

(ੲ) ਖਿੱਦੋ-ਖੂੰਡੀ (ਸ) ਅੱਡੀ-ਛੜੱਪਾ

**3. ਛਪਾਰ ਦਾ ਮੇਲਾ ਕਦੋਂ ਲੱਗਦਾ ਹੈ?**

(ੳ) ਸਾਵਣ ਸੁਦੀ ਚੌਦਾਂ (ਅ) ਭਾਦਰੋਂ ਸੁਦੀ ਚੌਦਾਂ

(ੲ) ਅੱਸੂ ਸੁਦੀ ਚੌਦਾਂ (ਸ) ਕੱਤਕ ਸੁਦੀ ਚੌਦਾਂ

**4. ਰੂਪ ਪੱਖੋਂ ਨਕਲਾਂ ਕਿੰਨੀ ਕਿਸਮ ਦੀਆਂ ਹੁੰਦੀਆਂ ਹਨ?**

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

**1. 'ਪੰਜਾਬ ਦੀਆਂ ਲੋਕ-ਖੇਡਾਂ' ਪਾਠ ਦੇ ਆਧਾਰ 'ਤੇ ਦੱਸੋ ਮੁੰਡੇ ਅਤੇ ਕੁੜੀਆਂ ਸਿਆਲ਼ ਦੀ ਰੁੱਤ ਵਿੱਚ ਕਿਹੜੀ ਖੇਡ ਖੇਡਦੇ ਹਨ?**

(ੳ) ਸੱਕਰ ਭਿੱਜੀ (ਅ) ਪੀਲ-ਪਲੀਂਘਣ

(ੲ) ਬਾਂਦਰ-ਕੀਲਾ (ਸ) ਅੱਡੀ-ਛੜੱਪਾ

**6. ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਸਿਰ ਉੱਪਰ ਕਿਹੜੀ ਫੁਲਕਾਰੀ ਲੈਂਦੀ ਸੀ?**

(ੳ) ਚੋਪ (ਅ) ਸੁੱਭਰ

(ੲ) ਨੀਲਕ (ਸ) ਛਮਾਸ

**7. ਮੰਗਣੀ ਤੋਂ ਪਿੱਛੋਂ ਕਿਸੇ ਸ਼ੁੱਭ ਮਹੀਨੇ ਦੀ ਤਿਥ ਤੇ ਘੜੀ ਵਿਆਹ ਲਈ ਨਿਯਤ ਕਰਨ ਨੂੰ ਕੀ ਕਿਹਾ ਜਾਂਦਾ ਹੈ?**

(ੳ) ਸਾਹਾ ਕਢਵਾਉਣਾ (ਅ) ਸਾਹੇ ਲੱਤ ਬੰਨ੍ਹਣਾ

(ੲ) ਸਾਹੇ ਦੀ ਚਿੱਠੀ (ਸ) ਵਾਗ-ਫੜਾਈ

**8. ਡਾ. ਰਾਜਿੰਦਰਪਾਲ ਸਿੰਘ ਬਰਾੜ ਦਾ ਕਿਹੜਾ ਲੇਖ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ?**

(ੳ) ਪੰਜਾਬ ਦੀਆਂ ਲੋਕ-ਖੇਡਾਂ (ਅ) ਪੰਜਾਬੀ ਸੱਭਿਆਚਾਰਿਕ ਪਰਿਵਰਤਨ

(ੲ) ਪੰਜਾਬ ਦੇ ਮੇਲੇ ਤੇ ਤਿਉਹਾਰ (ਸ) ਪੰਜਾਬ ਦੇ ਲੋਕ-ਨਾਚ

**9. ਮੁੰਡੇ ਦੇ ਜਨਮ ਸਮੇਂ ਮਹਿਰਾ ਕਿਹੜਾ ਤੋਹਫ਼ਾ ਲੈ ਕੇ ਆਉਂਦਾ ਹੈ?**

(ੳ) ਨ੍ਹਾਉਣ ਵਾਲ਼ਾ ਢੋਰਾ ਜਾਂ ਝੱਜਰ (ਅ) ਗੁੱਲੀ-ਡੰਡਾ

(ੲ) ਮੌਲ਼ੀ ਵਿੱਚ ਸ਼ਰੀਂਹ ਦੇ ਪੱਤਿਆਂ ਦਾ ਸਿਹਰਾ (ਸ) ਤੜਾਗੀ

**10. ਦਾਈ ਜਾਂ ਵਾਰੀ ਲਈ ਪੁੱਗਣ ਸਮੇਂ ਗਾਏ ਜਾਂਦੇ ਗੀਤਾਂ ਦਾ ਰੂਪ ਕੀ ਹੁੰਦਾ ਹੈ?**

(ੳ) ਗ਼ਜ਼ਲ (ਅ) ਬੋਲੀ

(ੲ) ਸਿੱਠਣੀ (ਸ) ਛੰਦ

**11. ਕਿਸ ਪੱਖ ਤੋਂ ਨਕਲਾਂ ਸਮੂਹਿਕ ਅਤੇ ਖੁੱਲ੍ਹੇ ਚਰਿੱਤਰ ਦੀਆਂ ਧਾਰਨੀ ਹਨ?**

(ੳ) ਦਰਸ਼ਕਾਂ ਪੱਖੋਂ (ਅ) ਮੰਚ ਪੱਖੋਂ

(ੲ) ਰੂਪ ਪੱਖੋਂ (ਸ) ਪਾਤਰਾਂ ਪੱਖੋਂ

**12. ਪੰਜਾਬ ਨੂੰ 'ਸਪਤ-ਸਿੰਧੂ' ਕਿਸ ਕਾਲ ਵਿੱਚ ਕਿਹਾ ਜਾਂਦਾ ਸੀ?**

(ੳ) ਆਰੀਆ ਕਾਲ ਵਿੱਚ (ਅ) ਦਰਾਵਿੜ ਕਾਲ ਵਿੱਚ

(ੲ) ਰਿਗਵੈਦਿਕ ਕਾਲ ਵਿੱਚ (ਸ) ਹੜੱਪਾ ਕਾਲ ਵਿੱਚ

**13. ਸ਼ਬਦਾਂ ਦੇ ਮਹਿਲ ਕੌਣ ਉਸਾਰਦਾ ਹੈ?**

(ੳ) ਰੰਗਾ (ਅ) ਬਿਗਲਾ

(ੲ) ਬੱਗਾ (ਸ) ਬਿੱਲਾ

**14. 'ਸਤੀਆ ਸੇਈ' ਕਹਾਣੀ ਦਾ ਪਾਤਰ ਕੌਣ ਨਹੀਂ ਹੈ?**

(ੳ) ਕਹਾਣੀਕਾਰ (ਅ) ਅੰਨ੍ਹਾ ਮੰਗਤਾ
(ੲ) ਭਗਤ ਸਿੰਘ ਦੀ ਮੰਗੇਤਰ (ਸ) ਨਿਰੰਜਣ ਸਿੰਘ

**15. 'ਜੀਤੋ' ਕਿਹੜੀ ਕਹਾਣੀ ਦੀ ਪਾਤਰ ਹੈ?**
(ੳ) ਮਾੜਾ ਬੰਦਾ (ਅ) ਨੀਲੀ
(ੲ) ਆਪਣਾ ਦੇਸ (ਸ) ਘਰ ਜਾਹ ਆਪਣੇ

**16. 'ਸਤੀਆ ਸੇਈ' ਕਹਾਣੀ ਵਿੱਚ ਕਿਸ ਦੀ ਮੰਗੇਤਰ ਦਾ ਜ਼ਿਕਰ ਹੈ?**
(ੳ) ਸ਼ਹੀਦ ਕਰਤਾਰ ਸਿੰਘ ਸਰਾਭੇ ਦੀ (ਅ) ਸ਼ਹੀਦ ਊਧਮ ਸਿੰਘ ਦੀ
(ੲ) ਸ਼ਹੀਦ ਭਗਤ ਸਿੰਘ ਦੀ (ਸ) ਸ਼ਹੀਦ ਸੁਖਦੇਵ ਦੀ

**17. 'ਹਰਿੰਦਰ ਤੇ ਗੁਰਿੰਦਰ' ਕਿਸ ਕਹਾਣੀ ਦੇ ਪਾਤਰ ਹਨ?**
(ੳ) ਮਾੜਾ ਬੰਦਾ (ਅ) ਨੀਲੀ
(ੲ) ਆਪਣਾ ਦੇਸ (ਸ) ਘਰ ਜਾਹ ਆਪਣੇ

**18. ਹੇਠ ਲਿਖਿਆਂ ਵਿੱਚੋਂ 'ਨੀਲੀ' ਕਹਾਣੀ ਨਾਲ਼ ਸੰਬੰਧਿਤ ਪਾਤਰ ਕਿਹੜਾ ਹੈ?**
(ੳ) ਨਿਰੰਜਣ ਸਿੰਘ (ਅ) ਗਵਾਲਾ
(ੲ) ਹਰਿੰਦਰ (ਸ) ਪ੍ਰੋ. ਐੱਮ. ਐੱਲ. ਮਲ੍ਹੋਤਰਾ

**19. 'ਸੱਚੇ ਮਾਰਗ ਚੱਲਦਿਆਂ________________।' ਅਖਾਉਤ ਨੂੰ ਪੂਰਾ ਕਰੋ:**
(ੳ) ਤੰਗ ਕਰੇ ਜਹਾਨ (ਅ) ਨਾਲ਼ ਚੱਲੇ ਜਹਾਨ
(ੲ) ਉਸਤਤ ਕਰੇ ਜਹਾਨ (ਸ) ਰਸਤਾ ਰੋਕੇ ਜਹਾਨ

**20. 'ਹਮੇਸ਼ਾਂ ਆਸਵੰਦ ਰਹਿਣ ਦਾ ਉਪਦੇਸ਼' ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?**
(ੳ) ਮਨ ਜੀਤੈ ਜਗੁ ਜੀਤੁ (ਅ) ਢਿੱਡ ਭਰਿਆ ਕੰਮ ਸਰਿਆ
(ੲ) ਇੱਕ ਦਰ ਬੰਦ ਸੌ ਦਰ ਖੁੱਲ੍ਹਾ (ਸ) ਜਾਂਦੇ ਚੋਰ ਦੀ ਲੰਗੋਟੀ ਸਹੀ

**21. ਅਖਾਉਤ ਪੂਰੀ ਕਰੋ: 'ਹਿੰਗ ਲੱਗੇ ਨਾ ਫਟਕੜੀ....................**
(ੳ) ਕੰਮ ਚੋਖਾ ਆਵੇ (ਅ) ਫਲ ਚੋਖਾ ਆਵੇ
(ੲ) ਰੰਗ ਚੋਖਾ ਆਵੇ (ਸ) ਸਾਹ ਸੌਖਾ ਆਵੇ

**22. ਅਖਾਉਤ ਪੂਰੀ ਕਰੋ: 'ਰਾਣੀ ਆਪਣੇ ਪੈਰ ਧੋਂਦੀ .................।'**
(ੳ) ਸੋਹਣੀ ਨਹੀਂ ਲੱਗਦੀ (ਅ) ਨੌਕਰਾਣੀ ਨਹੀਂ ਕਹਾਉਂਦੀ
(ੲ) ਗੋਲੀ ਨਹੀਂ ਕਹਾਉਂਦੀ (ਸ) ਮਹਾਰਾਣੀ ਨਹੀਂ ਕਹਾਉਂਦੀ

**23. 'ਇੱਕ ਚੁੱਪ ਤੇ________________।' ਅਖਾਉਤ ਨੂੰ ਪੂਰਾ ਕਰੋ :**
(ੳ) ਸਾਰੇ ਚੁੱਪ (ਅ) ਬੀਜੋ ਰੁੱਖ
(ੲ) ਦੋ ਟੁੱਕ (ਸ) ਸੌ ਸੁੱਖ

**24. ਅਖਾਉਤ ਪੂਰੀ ਕਰੋ: '____________________, ਵਣ ਨੂੰ ਲੱਗੀ ਅੱਗ।'**
(ੳ) ਪਿੰਡ ਦਾ ਸੜਿਆ ਵਣ ਗਿਆ (ਅ) ਪਰਿਵਾਰ ਦਾ ਸਤਾਇਆ ਵਣ ਗਿਆ
(ੲ) ਘਰ ਦਾ ਸੜਿਆ ਵਣ ਗਿਆ (ਸ) ਉਮਰਾਂ ਦਾ ਸੜਿਆ ਵਣ ਗਿਆ

**25. 'ਸਾਂਝ ਹਮੇਸ਼ਾਂ ਬਰਾਬਰ ਦੀ ਧਿਰ ਨਾਲ਼ ਰੱਖਣ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?**
(ੳ) ਤੌੜੀ ਉੱਬਲ਼ੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ
(ਅ) ਡਾਢੇ ਨਾਲ਼ ਭਿਆਲ਼ੀ, ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ
(ੲ) ਹਿੰਗ ਲੱਗੇ ਨਾ ਫਟਕੜੀ, ਰੰਗ ਚੋਖਾ ਆਵੇ
(ਸ) ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ

**26. ਹੇਠ ਲਿਖਿਆਂ ਵਿੱਚੋਂ ਕਿਹੜੀ ਵਸਤ ਤਰਖਾਣ ਤਿਆਰ ਨਹੀਂ ਕਰਦਾ?**
(ੳ) ਪੰਘੂੜਾ (ਅ) ਚਕਲਾ-ਵੇਲਣਾ
(ੲ) ਮੱਟ (ਸ) ਚੌਂਕੀ

**27. ਕਿਹੜਾ ਗਹਿਣਾ ਗਰਦਨ ਦੁਆਲ਼ੇ ਨਹੀਂ ਪਹਿਨਿਆ ਜਾਂਦਾ?**
(ੳ) ਮੱਖੀ (ਅ) ਛਿੰਗ-ਤਵੀਤ

(ੲ) ਦਾਖਾਂ (ਸ) ਬਾਂਕਾਂ

**28. ਕਿਹੜਾ ਗਹਿਣਾ ਨੱਕ ਵਿੱਚ ਪਹਿਨਿਆ ਜਾਂਦਾ ਹੈ?**

(ੳ) ਬੇਸਰ (ਅ) ਗੋਲ੍ਹਾਂ

(ੲ) ਢੋਲਣ (ਸ) ਤੁੰਗਾ

**29. 'ਬੁੱਢੀ ਮਾਈ' ਕਿਸ ਮਹੀਨੇ ਦੀ ਸੰਗਰਾਂਦ ਨੂੰ ਗੁਰਦਵਾਰੇ ਆਈ ਸੀ?**

(ੳ) ਪੋਹ (ਅ) ਮਾਘ

(ੲ) ਜੇਠ (ਸ) ਹਾੜ੍ਹ

**30. 'ਰਿਕਸ਼ੇ ਵਾਲ਼ਾ' ਤੈਅ ਕੀਤੇ ਪੈਸਿਆਂ ਤੋਂ ਕਿੰਨੇ ਪੈਸੇ ਵੱਧ ਮੰਗ ਰਿਹਾ ਸੀ?**

(ੳ) ਪੰਜਾਹ ਪੈਸੇ (ਅ) ਇੱਕ ਰੁਪਇਆ

(ੲ) ਦੋ ਰੁਪਏ (ਸ) ਤਿੰਨ ਰੁਪਏ

**ਠੀਕ ਜਾਂ ਗ਼ਲਤ ਕਥਨ:** **(5 ਅੰਕ)**

1. ਅਗਨੀ ਚਾਨਣ ਦਾ ਚਿੰਨ੍ਹ ਹੈ।
2. ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ।
3. ਲੋਕ-ਕਲਾ ਦੇ ਨਿਯਮ ਸਖ਼ਤ ਹੁੰਦੇ ਹਨ।
4. ਹੋਲੇ-ਮਹੱਲੇ ਨੂੰ ਸ੍ਰੀ ਮੁਕਤਸਰ ਸਾਹਿਬ ਵਿਖੇ ਭਾਰੀ ਮੇਲਾ ਲੱਗਦਾ ਹੈ।
5. ਸੌਂਚੀ ਪੱਕੀ ਹਾਕੀ ਨਾਲ਼ ਮਿਲ਼ਦੀ-ਜੁਲਦੀ ਖੇਡ ਹੈ।
6. ਹਰੀ ਘਾਹ ਨੂੰ 'ਦੱਭ' ਵੀ ਕਹਿੰਦੇ ਹਨ।
7. ਤਿਲਪੱਤਰਾ ਫੁਲਕਾਰੀ ਦੀ ਕਢਾਈ ਸ਼ੀਸ਼ੇ ਦੇ ਟੁਕੜੇ ਲਾ ਕੇ ਕੀਤੀ ਜਾਂਦੀ ਸੀ।
8. ਪੈਦਾਵਾਰੀ ਸਾਧਨਾਂ ਅਤੇ ਤਕਨੀਕ ਦੇ ਬਦਲ ਜਾਣ ਨਾਲ਼ ਸੱਭਿਆਚਾਰ ਵੀ ਬਦਲ ਜਾਂਦਾ ਹੈ।
9. ਪੰਜਾਬ ਦੇ ਸਮੁੱਚੇ ਲੋਕ-ਨਾਚ ਲੌਕਿਕ ਪ੍ਰਕਿਰਤੀ ਦੇ ਧਾਰਨੀ ਹਨ।
10. ਨਰਾਤਿਆਂ ਵਿੱਚ ਸੀਤਲਾ ਦੇਵੀ ਦੀ ਪੂਜਾ ਕੀਤੀ ਜਾਂਦੀ ਹੈ।
11. 'ਆਰਸੀ' ਉਂਗਲਾਂ 'ਤੇ ਪਹਿਨਿਆ ਜਾਣ ਵਾਲ਼ਾ ਗਹਿਣਾ ਹੈ।
12. ਪੰਜਾਬ ਦੇ ਸਮੁੱਚੇ ਲੋਕ-ਨਾਚ ਲੌਕਿਕ ਪ੍ਰਕਿਰਤੀ ਦੇ ਧਾਰਨੀ ਹਨ।
13. ਪੂਰਬੀ ਪੰਜਾਬ ਦੇ ਮਾਲਵਾ ਭੂ-ਖੰਡ ਵਿੱਚ 'ਮਰਦਾਂ ਦਾ ਗਿੱਧਾ' ਪ੍ਰਚਲਿਤ ਹੈ।
14. ਖੇਤੀ-ਬਾੜੀ ਆਧਾਰਿਤ ਜਗੀਰਦਾਰੀ ਪ੍ਰਬੰਧ ਵਿੱਚ ਕੁੜੀਆਂ ਦੀ ਬਹੁਤ ਕਦਰ ਸੀ।
15. ਗੁੱਗੇ ਦੀ ਪੂਜਾ ਅਸਲ ਵਿੱਚ ਧਰਤ-ਪੂਜਾ ਦਾ ਹੀ ਵਧੇਰੇ ਸੁਧਰਿਆ ਰੂਪ ਹੈ।
16. 'ਮਾੜਾ ਬੰਦਾ' ਕਹਾਣੀ ਪ੍ਰੇਮ ਪ੍ਰਕਾਸ਼ ਦੀ ਲਿਖੀ ਹੋਈ ਹੈ।
17. ਨਿਰੰਜਣ ਸਿੰਘ ਅਮਰੀਕਾ ਤੋਂ ਆਪਣੇ ਵਤਨ ਪਰਤਿਆ ਸੀ।
18. 'ਘਰ ਜਾਹ ਆਪਣੇ' ਕਹਾਣੀ ਦੀ ਪਾਤਰ ਜੀਤੋ ਦੀ ਉਮਰ ਵਿਆਹ ਸਮੇਂ ਅਠਾਰਾਂ ਸਾਲ ਸੀ।
19. 'ਸਾਂਝ' ਕਹਾਣੀ ਸੰਤ ਸਿੰਘ ਸੇਖੋਂ ਦੀ ਲਿਖੀ ਹੋਈ ਹੈ।
20. 'ਮਾੜਾ ਬੰਦਾ' ਕਹਾਣੀ ਦਾ ਮੈਂ-ਪਾਤਰ ਰੋਜ਼ਾਨਾ ਢਾਈ-ਤਿੰਨ ਰੁਪਏ ਦੀਆਂ ਸਿਗਰਟਾਂ ਪੀ ਜਾਂਦਾ ਸੀ।
21. ਨੀਲੀ ਦੀਆਂ ਪਹਿਲੀਆਂ ਵੱਛੀਆਂ ਹੁਣ ਸੋਹਣੀਆਂ ਗਾਂਵਾਂ ਬਣ ਚੁੱਕੀਆਂ ਸਨ।
22. ਜੀਤੋ ਆਪਣੇ ਭਰਾ ਤੋਂ ਅੱਠ-ਦਸ ਵਰ੍ਹੇ ਛੋਟੀ ਸੀ।
23. ਨੀਲੀ ਰੋਜ਼ ਆ ਕੇ ਨਿੰਮ ਹੇਠ ਖੜ੍ਹੀ ਹੋ ਜਾਂਦੀ ਸੀ।
24. ਸਖ਼ਤ ਮਿਹਨਤ ਅਤੇ ਲਗਨ ਨਾਲ਼ ਕੰਮ ਕਰਨ ਦੀ ਆਦਤ ਪਾਉਣ ਦੀ ਸਿੱਖਿਆ ਦੇਣ ਲਈ 'ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ, ਤਾਂ ਘਰ ਨਹੀਂ ਵੱਸਦੇ' ਅਖਾਉਤ ਬਿਲਕੁਲ ਢੁਕਵੀਂ ਹੈ।
25. ਹਰ ਸਮੇਂ ਆਪਣਾ ਹੀ ਗੁਣਗਾਨ ਕਰਨ ਵਾਲ਼ੇ ਵਿਅਕਤੀ ਉੱਪਰ 'ਆਪੇ ਫਾਥੜੀਏ ਤੈਨੂੰ ਕੌਣ ਛੁਡਾਏ' ਅਖਾਉਤ ਪੂਰੀ ਤਰ੍ਹਾਂ ਢੁਕਦੀ ਹੈ।
26. ਜਦੋਂ ਚੀਜ਼ ਘੱਟ ਹੋਵੇ ਅਤੇ ਉਸਦੀ ਮੰਗ ਕਰਨ ਵਾਲ਼ੇ ਬਹੁਤੇ ਹੋਣ, ਅਜਿਹੀ ਸਥਿਤੀ ਉੱਤੇ 'ਢਿੱਡ ਭਰਿਆ ਕੰਮ ਸਰਿਆ' ਅਖਾਉਤ ਢੁਕਵੀਂ ਹੈ।

27. ਥੋੜ੍ਹਾ ਜਿਹਾ ਕੰਮ ਕਰ ਕੇ ਹੀ ਥੱਕ ਜਾਣ ਵਾਲ਼ੇ ਲਈ 'ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਨੀਆਂ ਹਨ' ਅਖਾਉਤ ਢੁਕਵੀਂ ਹੈ।
28. 'ਮੁਕਾਬਲੇ ਵਿੱਚ ਸਭ ਨੂੰ ਬਰਾਬਰ ਦੇ ਮੌਕੇ ਮਿਲ਼ਦੇ ਹਨ' ਇਹ ਦੱਸਣ ਲਈ 'ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ' ਅਖਾਉਤ ਢੁਕਵੀਂ ਹੈ।
29. 'ਸੋਚ-ਸਮਝ ਕੇ ਬੋਲਣ ਦੀ ਮਹੱਤਤਾ' ਨੂੰ ਦੱਸਣ ਲਈ 'ਗੱਲ ਕਹਿੰਦੀ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕਢਾਉਂਦੀ ਹਾਂ' ਅਖਾਉਤ ਢੁਕਵੀਂ ਹੈ।
30. 'ਪੱਕ ਚੁੱਕੀਆਂ ਆਦਤਾਂ ਤੋਂ ਮਨੁੱਖ ਦਾ ਛੇਤੀ ਛੁਟਕਾਰਾ ਸੰਭਵ ਨਹੀਂ' ਇਹ ਦੱਸਣ ਲਈ 'ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼' ਅਖਾਉਤ ਢੁਕਵੀਂ ਹੈ।

**ਖ਼ਾਲੀ ਥਾਂਵਾਂ ਭਰੋ:** **(5 ਅੰਕ)**

1. ਨਕਲਾਂ ਖੇਡਣ ਲਈ ਤਿੰਨ ਪ੍ਰਕਾਰ ਦਾ ______________ ਵਰਤਿਆ ਜਾਂਦਾ ਹੈ।
2. ਪੰਜਾਬ ਵਿੱਚ ਨਵਾਂ ਸੰਮਤ ________________ ਦੀ ਏਕਮ ਨੂੰ ਮਨਾਇਆ ਜਾਂਦਾ ਹੈ।
3. ਜਰਗ ਦੇ ਮੇਲੇ ਵਿੱਚ ਗੁਲਗੁਲੇ ________________ ਨੂੰ ਖੁਆਏ ਜਾਂਦੇ ਹਨ।
4. 'ਢੋਕਲਾ' _______________ ਪ੍ਰਾਂਤ ਨਾਲ਼ ਸੰਬੰਧਿਤ ਹੈ।
5. ਰਸਗੁੱਲਾ________________ਪ੍ਰਾਂਤ ਤੋਂ ਪੰਜਾਬ ਆਇਆ।
6. __________ ਦਾ ਨਿਯਮਬੱਧ ਵਿਆਕਰਨ-ਗ੍ਰੰਥ ਪੰਜਾਬ ਦੀ ਧਰਤੀ ਉੱਪਰ ਹੀ ਲਿਖਿਆ ਗਿਆ।
7. ਗੁਰੂ ਹਰਿਗੋਬਿੰਦ ਜੀ ________________ ਦੇ ਕਿਲ੍ਹੇ ਤੋਂ 52 ਰਾਜਿਆਂ ਨੂੰ ਬੰਦੀ ਤੋਂ ਛੁਡਾ ਕੇ ਅੰਮ੍ਰਿਤਸਰ ਪੁੱਜੇ ਸਨ।
8. ਜਨਮ ਤੋਂ ਪਿੱਛੋਂ ___________________ ਦੀ ਰਸਮ ਮਹੱਤਵਪੂਰਨ ਮੰਨੀ ਜਾਂਦੀ ਸੀ।
9. ________________ ਦੀ ਥਾਂ ਹੁਣ ਹਾਕੀ ਨੇ ਮੱਲ ਲਈ ਹੈ।
10. ਨੀਲੇ ਰੰਗ ਦੀ ਭਾਹ ਮਾਰਨ ਕਰਕੇ ਹੀ ਇਸ ਫੁਲਕਾਰੀ ਨੂੰ ___________ ਕਹਿੰਦੇ ਹਨ।
11. ਅਖਾਉਤ ਪੂਰੀ ਕਰੋ: ਕੋਹ ਨਾ ਚੱਲੀ ____________।
12. ਅਖਾਉਤ ਪੂਰੀ ਕਰੋ: ਆਪਣਾ ਮਾਰੇਗਾ ਤਾਂ ________________।
13. ਅਖਾਉਤ ਪੂਰੀ ਕਰੋ: ____________ਸਾਰਾ ਟੱਬਰ ਤਿਹਾਇਆ।
14. ਅਖਾਉਤ ਪੂਰੀ ਕਰੋ: ਆਦਰ ਤੇਰੀ ਚਾਦਰ ਨੂੰ, _______________।
15. ਅਖਾਉਤ ਪੂਰੀ ਕਰੋ: ______________ ਲੰਗੋਟੀ ਹੀ ਸਹੀ।
16. ਕਾਵਿ-ਸਤਰ ਪੂਰੀ ਕਰੋ: ਚੁੰਮ-ਚੁੰਮ ਰੱਖੋ ਨੀ ਇਹ __________________
17. ਕਾਵਿ-ਸਤਰ ਪੂਰੀ ਕਰੋ: ਹੁਸਨ-ਮੰਡਲ ਵਿੱਚ ਖੜ੍ਹੀ ਖੇਡਦੀ, ____________________।
18. ਕਾਵਿ-ਸਤਰ ਪੂਰੀ ਕਰੋ: ਹੈ ਧਰਤੀ ਪਰ ____________________, ਸੁੰਦਰਤਾ ਵਿੱਚ ਲਿਸ਼ਕੇ।
19. ਕਾਵਿ-ਸਤਰ ਪੂਰੀ ਕਰੋ: ਇਹ ਚਾਂਦੀ ਦੀਆਂ ____________ਕਦੇ ਨਾਂਹ ਸਾਡਾ ਰੱਬ ਸੀ।
20. ਕਾਵਿ-ਸਤਰ ਪੂਰੀ ਕਰੋ: ਦਵਾਈ ਖਾ ਮਰੀਜ਼ ਹੀ ________, ਸਾਡੇ ਹੱਥ ਕੀ ਆਇਆ?
21. ਕਾਵਿ-ਸਤਰ ਪੂਰੀ ਕਰੋ: ਤੇ ਮੈਂ ਟੁਰਦਾ ਹੀ ਰਹਾਂ, ਕਿ ਟੁਰਿਆਂ ________________
22. ਕਾਵਿ-ਸਤਰ ਪੂਰੀ ਕਰੋ: ਖੜੋਂਦੇ ਬੁਸਦੇ ਨੇ, ਕਿ ਪਾਣੀ ________________।
23. ਕਾਵਿ-ਸਤਰ ਪੂਰੀ ਕਰੋ: ਸੁੱਤੇ ਪਾਣਿਆਂ ਦੇ ਵਿੱਚ ਸੁੱਤਾ, ________________ਦਾ ਸਾਇਆ
24. ਕਾਵਿ-ਸਤਰ ਪੂਰੀ ਕਰੋ: ਨੀਂਦ-ਟੂਣਿਆਂ ਦੇ ਜੰਤਰ ਵਿੱਚ, ________________।
25. ਕਾਵਿ-ਸਤਰ ਪੂਰੀ ਕਰੋ: ਇਸ ਜ਼ਰਖ਼ੇਜ਼ ਜ਼ਮੀਨ ਦੇ ____________ ਫੁੱਟਿਆ ਜ਼ਹਿਰ।
26. ਕਾਵਿ-ਸਤਰ ਪੂਰੀ ਕਰੋ: ਮੇਰੇ ਵਾਰੀ ਪੱਤਿਆਂ ਦੀ ਪੰਡ _______ਹੋ ਗਈ।
27. ਕਾਵਿ-ਸਤਰ ਪੂਰੀ ਕਰੋ: ਸਾਡੇ ਵਿਹੜੇ ਮਰੀ __________ ਇੱਕ ਸੀ ਰਾਜਾ, ਇੱਕ ਸੀ ਰਾਣੀ।
28. ਕਾਵਿ-ਸਤਰ ਪੂਰੀ ਕਰੋ: ਕਦੇ-ਕਦੇ ਬਾਲਾਂ ਦੇ ਕੁੱਛੜ,
    ਸੌਣ ਨਿਚਿੰਤ, ____________ ਮਾਂਵਾਂ।
29. ਕਾਵਿ-ਸਤਰ ਪੂਰੀ ਕਰੋ: ਲੱਗੀ ਧੁੱਪ ਜੇ ਸ਼ਹਿਰ ਤੇਰੇ ਦੇ ਬਿਰਖਾਂ ਨੂੰ
    ਸ਼ਹਿਰ ਮੇਰੇ ਦਾ ________________।

30. ਕਾਵਿ-ਸਤਰ ਪੂਰੀ ਕਰੋ: ਕੌਣ ਕਿਤੇ ਬਿਰਖਾਂ ਤੋਂ __________ ਤੋੜ ਰਿਹਾ

## ਸੱਭਿਆਚਾਰ ਨਾ.ਲ ਸੰਬੰਧਿਤ ਲੇਖਾਂ ਦੇ ਅਭਿਆਸੀ ਪ੍ਰਸ਼ਨ (12 ਅੰਕ)

(ਧਿਆਨ ਦੇਣਯੋਗ ਨੁਕਤਾ ਇਹ ਹੈ ਕਿ ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕ ਵਿੱਚ ਸ਼ਾਮਲ ਸਮਗਰੀ ਅਨੁਸਾਰ ਹੀ ਹੋਣੇ ਚਾਹੀਦੇ ਹਨ। ਬੇਲੋੜੇ ਵਿਸਥਾਰ ਦੀ ਜ਼ਰੂਰਤ ਨਹੀਂ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ। ਉੱਤਰ ਲਿਖਦੇ ਸਮੇਂ ਅੰਕਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਉੱਤਰ ਲਿਖਿਆ ਜਾਵੇ।)

1. ਸੱਭਿਆਚਾਰ ਦੀ ਪਰਿਭਾਸ਼ਾ ਕੀ ਹੈ?
2. ਸੱਭਿਆਚਾਰ ਅਤੇ ਉਪ ਸੱਭਿਆਚਾਰ ਵਿੱਚ ਕੀ ਅੰਤਰ ਹੈ?
3. ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ।
4. ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ?
5. ਮੇਲਿਆਂ ਦਾ ਕਿਸੇ ਜਾਤੀ ਲਈ ਕੀ ਮਹੱਤਵ ਹੁੰਦਾ ਹੈ?
6. 'ਮੇਲਾ' ਸ਼ਬਦ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੈ, ਦੱਸੋ ਕਿਵੇਂ?
7. ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?
8. ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ? ਦੇਵੀ ਮਾਤਾ ਨਾ.ਲ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਨੋਟ ਲਿਖੋ।
9. ਪੰਜਾਬ ਵਿੱਚ ਤਿਥਾਂ ਨਾ.ਲ ਸੰਬੰਧਿਤ ਕਿਹੜੇ-ਕਿਹੜੇ ਤਿਉਹਾਰ ਮਨਾਏ ਜਾਂਦੇ ਹਨ?
10. ਰਸਮ-ਰਿਵਾਜਾਂ ਦੇ ਪੈਦਾ ਹੋਣ ਦੇ ਕੀ ਕਾਰਨ ਦੱਸੇ ਗਏ ਹਨ?
11. ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ 'ਤੇ ਰਸਮ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ?
12. ਵਿਆਹ ਕੇ ਲਿਆਉਣ ਪਿੱਛੋਂ ਮੁੰਡੇ ਦੇ ਘਰ ਕਿਹੜੀਆਂ-ਕਿਹੜੀਆਂ ਰਸਮਾਂ ਹੁੰਦੀਆਂ ਹਨ?
13. 'ਪੰਜਾਬ ਦੀਆਂ ਲੋਕ-ਖੇਡਾਂ' ਦੇ ਆਧਾਰ 'ਤੇ ਸਿੱਧ ਕਰੋ ਕਿ ਖੇਡਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ।
14. ਲੋਕ-ਖੇਡਾਂ ਨਾ.ਲ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ? ਇਹ ਵੀ ਦੱਸੋ ਕਿ ਅਜਿਹੀਆਂ ਕਿਹੜੀਆਂ-ਕਿਹੜੀਆਂ ਖੇਡਾਂ ਹਨ?
15. ਪੁਰਾਤਨ ਸਮੇਂ ਵਿੱਚ ਪਿੰਡਵਾਸੀ ਆਪਣੇ ਪਿੰਡ ਦੇ ਲੋਕ-ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਨਿਵਾਜਦੇ ਸਨ?
16. ਪੰਜਾਬ ਦੀਆਂ ਲੋਕ-ਖੇਡਾਂ ਦੀ ਸੰਭਾ.ਲ ਅਤੇ ਇਹਨਾਂ ਨੂੰ ਮੁੜ ਸੁਰਜੀਤ ਕਰਨਾ ਅਤਿਅੰਤ ਜ਼ਰੂਰੀ ਹੈ, ਕਿਉਂ?
17. 'ਪੰਜਾਬ ਦੇ ਲੋਕ-ਕਿੱਤੇ ਅਤੇ ਲੋਕ-ਕਲਾਵਾਂ' ਪਾਠ ਦੇ ਆਧਾਰ 'ਤੇ 'ਲੋਕ-ਕਿੱਤਾ' ਅਤੇ 'ਲੋਕ-ਧੰਦਾ' ਦੇ ਅਰਥਾਂ ਵਿੱਚ ਮਾਮੂਲੀ ਫ਼ਰਕ ਹੈ, ਇਸ 'ਤੇ ਚਾਨਣਾ ਪਾਓ।
18. ਲੋਕ-ਕਿੱਤੇ ਦੀ ਵਿਸ਼ੇਸ਼ਤਾ ਕੀ ਹੈ? ਉਦਾਹਰਨਾਂ ਸਹਿਤ ਦੱਸੋ।
19. ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ? ਖੋਲ੍ਹ ਕੇ ਦੱਸੋ।
20. ਨਵਰਾਤਿਆਂ ਦੇ ਦਿਨਾਂ ਦੌਰਾਨ ਕੁੜੀਆਂ ਵੱਲੋਂ ਬਣਾਈਆਂ ਮਿੱਟੀ ਦੀਆਂ ਮੂਰਤੀਆਂ ਬਾਰੇ ਭਰਪੂਰ ਜਾਣਕਾਰੀ ਦਿਓ।
21. ਇਸਤਰੀਆਂ ਦੇ ਮੁੱਖ ਲੋਕ-ਨਾਚਾਂ ਦਾ ਸੰਖੇਪ ਵਰਣਨ ਕਰੋ।
22. ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਣਨ ਕਰੋ।
23. ਹੇਠ ਲਿਖੇ ਨਾਚ-ਰੂਪਾਂ ਬਾਰੇ ਸੰਖੇਪ ਨੋਟ ਲਿਖੋ :
    ਗਿੱਧਾ, ਭੰਗੜਾ, ਸੰਮੀ, ਝੂੰਮਰ, ਕਿੱਕਲੀ।
24. ਪੰਜਾਬ ਦੀਆਂ ਨਕਲਾਂ ਦੇ ਵਿਸ਼ੇਸ਼ ਲੱਛਣ ਕਿਹੜੇ ਹਨ?
25. ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?
26. ਨਕਲਾਂ ਖੇਡਣ ਲਈ ਕਿਹੋ-ਜਿਹੇ ਪਿੜਾਂ ਦੀ ਵਰਤੋਂ ਕੀਤੀ ਜਾਂਦੀ ਹੈ?
27. ਪੰਜਾਬੀ ਸੱਭਿਆਚਾਰਿਕ ਪਰਿਵਰਤਨ ਕੀ ਹੈ? ਸੰਖੇਪ ਵਿੱਚ ਲਿਖੋ।
28. ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ?
29. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਵਿੱਚ ਗੁਰਬਾਣੀ ਦੀ ਤੁਕ 'ਮਾਤਾ ਧਰਤਿ ਮਹਤੁ' ਅਜੋਕੇ ਸਮਾਜ ਦੀ ਕਿਹੜੀ ਸਮੱਸਿਆ ਵੱਲ ਸੰਕੇਤ ਕਰਦੀ ਹੈ? ਖੋਲ੍ਹ ਕੇ ਦੱਸੋ।
30. 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਦੇ ਆਧਾਰ 'ਤੇ ਦੱਸੋ ਕਿ ਸਾਨੂੰ ਚੇਤਨ ਪੱਧਰ 'ਤੇ ਕਿਹੜੀਆਂ ਨਵੀਂਆਂ ਸਿਹਤਮੰਦ ਪਰੰਪਰਾਵਾਂ ਨੂੰ ਵਿਕਸਿਤ ਕਰਨ ਦੀ ਲੋੜ ਹੈ?

**ਕਾਰ-ਵਿਹਾਰ ਦੇ ਪੱਤਰ** **(7 ਅੰਕ)**

ਕਾਰ-ਵਿਹਾਰ ਦੇ ਪੱਤਰ ਦੇ ਕੁੱਲ 7 ਅੰਕ ਹਨ ਪਰ ਪ੍ਰਸ਼ਨ-ਪੱਤਰ ਵਿੱਚ ਇਹ 2+4+1=7 ਲਿਖੇ ਹੁੰਦੇ ਹਨ। ਇਸ ਤਰ੍ਹਾਂ ਲਿਖਣ ਦਾ ਖ਼ਾਸ ਮੰਤਵ ਹੁੰਦਾ ਹੈ। ਪੱਤਰ ਦੀ ਸ਼ੁਰੂਆਤ 2 ਅੰਕਾਂ ਦੀ, ਪੱਤਰ ਵਿੱਚ ਵਿਸ਼ਾ-ਵਸਤੂ ਦੀ ਪੇਸ਼ਕਾਰੀ 4 ਅੰਕਾਂ ਦੀ ਅਤੇ ਪੱਤਰ ਦਾ ਅੰਤ 1 ਅੰਕ ਦਾ ਹੁੰਦਾ ਹੈ। ਪ੍ਰਸ਼ਨ-ਪੱਤਰ ਵਿੱਚ ਦੋ ਕਾਰ-ਵਿਹਾਰ ਦੇ ਪੱਤਰ ਦੇ ਕੇ ਕੋਈ ਇੱਕ ਕਰਨ ਨੂੰ ਕਿਹਾ ਜਾਵੇਗਾ। ਪਾਠ-ਪੁਸਤਕ ਵਿੱਚ ਕੁੱਲ 18 ਪੱਤਰ ਦਿੱਤੇ ਗਏ ਹਨ, ਜਿਸ ਵਿੱਚ 7 ਹੱਲ ਕੀਤੇ ਹੋਏ ਅਤੇ 11 ਅਭਿਆਸੀ ਹਨ। ਯਾਦ ਰੱਖਣਯੋਗ ਗੱਲ ਇਹ ਹੈ ਕਿ ਪਾਠ-ਪੁਸਤਕ ਵਿੱਚ ਦਰਜ ਪੱਤਰ ਹੀ ਪ੍ਰਸ਼ਨ-ਪੱਤਰ ਵਿੱਚ ਸ਼ਾਮਲ ਕੀਤੇ ਜਾਂਦੇ ਹਨ, ਇਸ ਤੋਂ ਇਲਾਵਾ ਕੋਈ ਵੀ ਪੱਤਰ ਪਾਠ-ਪੁਸਤਕ ਤੋਂ ਬਾਹਰੋਂ ਨਹੀਂ ਲਿਆ ਜਾਂਦਾ।ਸੋ ਵਿਦਿਆਰਥੀ ਸਿਰਫ਼ ਪਾਠ-ਪੁਸਤਕ ਵਿੱਚ ਦਰਜ ਪੱਤਰਾਂ ਉੱਪਰ ਹੀ ਧਿਆਨ ਦੇਣ।

**ਕੁਝ ਮਹੱਤਵਪੂਰਨ ਪੱਤਰ:**

1. ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ।
2. ਤੁਸੀਂ ਵੇਰਕਾ ਮਿਲਕ-ਪਲਾਂਟ ਦੇ ਉਤਪਾਦ ਵੇਚਣ ਦਾ ਕਾਰੋਬਾਰ ਆਪਣੇ ਇਲਾਕੇ ਵਿੱਚ ਕਰਨਾ ਚਾਹੁੰਦੇ ਹੋ। ਇਸ ਬਾਰੇ ਵੇਰਕਾ ਦੇ ਵੱਖ-ਵੱਖ ਉਤਪਾਦਾਂ ਆਦਿ ਦੀ ਜਾਣਕਾਰੀ ਲੈਣ ਹਿਤ ਨੇੜਲੇ ਵੇਰਕਾ ਮਿਲਕ-ਪਲਾਂਟ ਦੇ ਮੈਨੇਜਰ ਨੂੰ ਪੱਤਰ ਲਿਖੋ।
3. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ।
4. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸੂਚਨਾ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਸਾਉਣੀ ਦੀਆਂ ਫ਼ਸਲਾਂ ਦੇ ਬੀਜਾਂ ਦੀ ਉਪਲਬਧਤਾ, ਸਿਖਲਾਈ-ਪ੍ਰੋਗਰਾਮਾਂ, ਖੇਤੀ-ਬਾੜੀ ਸਾਹਿਤ, ਸਾਉਣੀ ਦੀਆਂ ਫ਼ਸਲਾਂ ਦੇ ਸੰਭਾਵਿਤ ਰੋਗਾਂ ਤੇ ਰੋਕ-ਥਾਮ ਆਦਿ ਬਾਰੇ ਜਾਣਕਾਰੀ ਦੀ ਮੰਗ ਕਰੋ।
5. ਤੁਹਾਡਾ ਕਾਰੋਬਾਰ ਸ਼ੇਅਰ-ਬਜ਼ਾਰ ਨਾਲ਼ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ।
6. ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਖ਼ਰੀਦਣ ਲਈ ਗ੍ਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ।
7. ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।
8. ਆਪਣੇ ਜ਼ਿਲ੍ਹੇ ਦੇ ਆਮਦਨ-ਕਰ ਅਧਿਕਾਰੀ ਨੂੰ ਪੱਤਰ ਲਿਖੋ ਜਿਸ ਵਿੱਚ ਤੁਹਾਡੇ ਵੱਲੋਂ ਵੱਧ ਜਮ੍ਹਾਂ ਕਰਵਾਇਆ ਗਿਆ ਟੈੱਕਸ ਵਾਪਸ ਕਰਨ ਲਈ ਬੇਨਤੀ ਕੀਤੀ ਗਈ ਹੋਵੇ।
9. ਤੁਸੀਂ ਪਿੰਡ ਦੀਆਂ ਕੁਝ ਗ੍ਰਹਿਣੀਆਂ 'ਸੈਲਫ਼-ਹੈੱਲਪ' ਗਰੁੱਪ ਸ਼ੁਰੂ ਕਰਨ ਲਈ ਇਛੁੱਕ ਹੋ। ਇਸ ਬਾਰੇ ਜਾਣਕਾਰੀ ਲੈਣ ਲਈ ਜ਼ਿਲ੍ਹੇ ਦੇ ਡਿਪਟੀ ਰਜਿਸਟਰਾਰ, ਸਹਿਕਾਰੀ ਸਭਾਵਾਂ ਨੂੰ ਪੱਤਰ ਲਿਖੋ।
10. ਤੁਸੀਂ ਇੱਕ ਸਧਾਰਨ ਕਿਸਾਨ ਦੇ ਪੁੱਤਰ ਹੋ, ਤੁਸੀਂ ਕਰਜ਼ਾ ਲੈ ਕੇ ਦੁੱਧ ਢੋਣ ਲਈ ਟੈਂਕਰ ਖ਼ਰੀਦਿਆ ਹੈ। ਆਪਣੇ ਨੇੜੇ ਦੇ ਮਿਲਕ-ਪਲਾਂਟ ਮੈਨੇਜਰ ਨੂੰ ਚਿੱਠੀ ਲਿਖੋ ਜਿਸ ਵਿੱਚ ਤੁਸੀਂ ਦੁੱਧ-ਇਕੱਤਰ ਕੇਂਦਰਾਂ ਤੋਂ ਮਿਲਕ-ਪਲਾਂਟ ਤੱਕ ਦੁੱਧ ਦੀ ਢੁਆਈ ਲਈ ਆਪਣੀ ਪੇਸ਼ਕਸ਼ ਕਰਦੇ ਹੋਏ ਇਸ ਸੰਬੰਧੀ ਉਹਨਾਂ ਦੇ ਰੇਟਾਂ, ਨਿਯਮਾਂ ਤੇ ਸ਼ਰਤਾਂ ਦੀ ਮੰਗ ਕਰੋ।

**ਸੰਖੇਪ ਰਚਨਾ** **(5 ਅੰਕ)**

ਚਾਰ ਅੰਕ ਸੰਖੇਪ ਰਚਨਾ ਲਈ ਹਨ ਅਤੇ ਇੱਕ ਅੰਕ ਸਿਰਲੇਖ ਲਈ ਹੈ।ਚੰਗਾ ਹੋਵੇ ਕਿ ਸਿਰਲੇਖ ਸੰਖੇਪ ਰਚਨਾ ਦੇ ਉੱਪਰ ਹੀ ਥੋੜ੍ਹਾ ਵੱਡਾ ਕਰਕੇ ਸਾਫ਼-ਸਾਫ਼ ਲਿਖਿਆ ਜਾਵੇ।ਸੰਖੇਪ ਰਚਨਾ ਲਈ ਵੀ ਪੈਰਾ ਪਾਠ-ਪੁਸਤਕ ਵਿੱਚ ਦਰਜ ਪੈਰਿਆਂ ਵਿੱਚੋਂ ਹੀ ਆਵੇਗਾ।

**ਕੁਝ ਮਹੱਤਵਪੂਰਨ ਪੈਰੇ:**

1. ਸਰੀਰ ਮਨ ਦਾ ਘੋੜਾ ਹੈ। ਜਿਸ ਤਰ੍ਹਾਂ ਮਨ .....................ਦੀਰਘ ਉਮਰ ਦਾ ਨੁਸਖ਼ਾ ਹੈ।
2. ਅੰਗਰੇਜ਼ੀ ਦੇ ਇੱਕ ਲਿਖਾਰੀ................................ ਘਰ ਵਾਲ਼ਿਆਂ ਨੇ ਕੀ ਆਸ ਰੱਖਣੀ?
3. ਸਾਡੇ ਅਨੇਕਾਂ ਨੌਜਵਾਨ.....................................ਮੀਂਹ ਦਾ ਕਤਰਾ ਕਦੇ ਡਿੱਗਾ ਹੈ।

4. ਸੁਲੱਖਣਾ ਬੰਦਾ ਵੱਡਿਆਂ ਦਾ ਸਤਿਕਾਰ..............................ਵਰਤਣ ਤੇ ਬੈਠਣ ਦੇ।
5. ਜਿਵੇਂਕਿ ਤਿਹਾਏ ਲੋਕ ਪਾਣੀ..............................ਇਹੋ ਸਾਡਾ ਧਰਮ-ਨਿਰਪੱਖ ਪਹੁੰਚ ਤੋਂ ਭਾਵ ਹੈ।
6. ਤੁਹਾਡੇ ਭਾਗਾਂ ਵਿੱਚ ਧਨਾਢ ਹੋਣਾ..........................ਕੋਈ ਸੁਆਦ ਹੀ ਨਹੀਂ ਰਹਿੰਦਾ।
7. ਕਿਰਤ ਕਰਨਾ ਮਨੁੱਖ.....................................ਪ੍ਰਗਤੀ ਦੀ ਪ੍ਰਤੀਕ ਤੇ ਪ੍ਰਮਾਣ ਹੈ।
8. ਆਮ ਜ਼ਿੰਦਗੀ ਵਿੱਚ ਵੀ ਵੇਖਿਆ..............................ਸੰਗਤ ਦਾ ਹੀ ਹੱਥ ਹੁੰਦਾ ਹੈ।
9. ਵਿਆਹ ਸੰਬੰਧੀ ਸਭ ਤੋਂ ਪਹਿਲੀ..............................ਲੋਕਾਚਾਰ ਦੇ ਵਿਰੁੱਧ ਹੈ।
10. ਦੋਸਤੀ ਜ਼ਿੰਦਗੀ ਦੀ ਰੌਣਕ ਤੇ ਨਿੱਘ................................ਕੀਮਤੀ ਚੀਜ਼ਾਂ ਦੀ ਖਾਣ ਹੁੰਦੀ ਹੈ।

**ਸ਼ਬਦ-ਕੋਸ਼ ਅਨੁਸਾਰ ਤਰਤੀਬ** **(3 ਅੰਕ)**

ਸ਼ਬਦ-ਕੋਸ਼ ਅਨੁਸਾਰ ਤਰਤੀਬ ਦੇਣ ਲਈ ਦੋ ਸ਼ਬਦ-ਸਮੂਹ ਹੋਣਗੇ। ਹਰੇਕ ਸ਼ਬਦ-ਸਮੂਹ ਵਿੱਚ ਛੇ ਸ਼ਬਦ ਹੋਣਗੇ ਜਿਨ੍ਹਾਂ ਨੂੰ ਤਰਤੀਬ ਦੇਣੀ ਹੋਵੇਗੀ। ਇਹ ਸ਼ਬਦ-ਸਮੂਹ ਵੀ ਪਾਠ-ਪੁਸਤਕ ਵਿੱਚ ਦਰਜ ਸ਼ਬਦ ਸਮੂਹਾਂ ਵਿੱਚੋਂ ਹੀ ਲਏ ਜਾਣਗੇ। ਕੋਈ ਵੀ ਸ਼ਬਦ ਪਾਠ-ਪੁਸਤਕ ਤੋਂ ਬਾਹਰੋਂ ਨਹੀਂ ਹੋਵੇਗਾ। ਹੇਠਾਂ ਦੋ-ਦੋ ਸ਼ਬਦ-ਸਮੂਹਾਂ ਦਾ ਜੁੱਟ ਹੀ ਦਿੱਤਾ ਗਿਆ ਹੈ ਜਿਵੇਂਕਿ ਪ੍ਰਸ਼ਨ-ਪੱਤਰ ਵਿੱਚ ਇਹ ਪ੍ਰਸ਼ਨ ਆਉਂਦਾ ਹੈ।

**ਕੁਝ ਮਹੱਤਵਪੂਰਨ ਸ਼ਬਦ-ਸਮੂਹ**

| | | | |
|---|---|---|---|
| 1. ਚਾਰ ਮਗ਼ਜ਼ | ਧੋਖਾ | 2. ਬਸੰਤ | ਲੁਹਾਰ |
| ਚਾਂਦਨੀ | ਪਕੌੜਾ | ਮਚਕੋੜ | ਲਿਖਣਾ |
| ਚਾਸ਼ਨੀ | ਫੱਟੜ | ਭਗਵਾਨ | ਲੰਗਰ |
| ਚਪੇੜ | ਨਰਗਿਸ | ਬਖ਼ਸ਼ਿੰਦ | ਲਾਚਾਰ |
| ਚੰਬਲ | ਨਖੱਟੂ | ਭਿੱਟਣਾ | ਲੜਕਾ |
| ਚੋਬਦਾਰ | ਖ਼ੁਸ਼ਕ | ਚਿਰਾਗ਼ | ਲੰਬੜਦਾਰ |
| 3. ਵਹੁਟੀ | ਰੜਕਣਾ | 4. ਰਾਜ-ਮਹੱਲ | ਸਹਿਜੇ |
| ਵਿਰਾਨ | ਲਸ਼ਕਰ | ਰਫ਼ੂਗਰ | ਹੰਗਾਮਾ |
| ਵਰਜ਼ਸ਼ | ਯੋਗਤਾ | ਰਜਵਾੜਾ | ਉਪਬੋਲੀ |
| ਵੈਦਗੀ | ਰਗੜ | ਰਿਸ਼ਵਤ | ਕਸਰਤ |
| ਵਕਾਲਤ | ਯਮਰਾਜ | ਰਸਤਾ | ਅਵਾਜ਼ |
| ਵਕਤਾ | ਖ਼ੈਰਖ਼ਾਹ | ਰਚਨਾ | ਮਕਸਦ |
| 5. ਗੁੜ੍ਹਤੀ | ਪੂਛਲ | | |
| ਕੰਙਣਾ | ਜ਼ਿਲ੍ਹੇਦਾਰ | | |
| ਜੰਗਲ਼ | ਝਗੜਾਲੂ | | |
| ਕਿਰਿਆ | ਗਲਵੱਕੜੀ | | |
| ਦਸਤਕਾਰ | ਪੂਜਨੀਕ | | |
| ਨਕੇਲ | ਪਾਇਲ | | |

**ਵਾਕ-ਵਟਾਂਦਰਾ** **(5 ਅੰਕ)**

ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰਨ ਲਈ ਵਾਕ ਵੀ ਪਾਠ-ਪੁਸਤਕ ਵਿੱਚੋਂ ਹੀ ਲਏ ਜਾਣੇ ਹਨ। ਦਿੱਤੇ ਗਏ ਅੱਠ ਵਾਕਾਂ ਵਿੱਚੋਂ ਕੋਈ ਪੰਜ ਕਰਨੇ ਹਨ। ਜੇਕਰ ਧਿਆਨ ਨਾਲ਼ ਵੇਖੀਏ ਤਾਂ ਪਾਠ-ਪੁਸਤਕ ਵਿੱਚ ਕਰਤਰੀਵਾਚਕ, ਕਰਮਣੀਵਾਚਕ, ਪ੍ਰਸ਼ਨ-ਵਾਚਕ, ਨਾਂਹ-ਵਾਚਕ/ਹਾਂ-ਵਾਚਕ, ਵਿਸਮੈ-ਵਾਚਕ ਪੰਜਾਂ ਕਿਸਮਾਂ ਦੇ ਬਹੁਤ ਘੱਟ ਵਾਕ ਪਾਠ-ਪੁਸਤਕ ਵਿੱਚ ਦਰਜ ਹਨ। ਵਿਦਿਆਰਥੀ ਥੋੜ੍ਹੇ ਜਿਹੇ ਵਾਕਾਂ ਨੂੰ ਧਿਆਨ ਨਾਲ਼ ਪੜ੍ਹ ਕੇ ਪੂਰੇ ਅੰਕ ਲੈ ਸਕਦਾ ਹੈ। ਕੁਝ ਮਹੱਤਵਪੂਰਨ ਵਾਕ:

1. ਉਹ ਅਮੀਰ ਹੈ ਪਰ ਬਹੁਤ ਕੰਜੂਸ ਹੈ। (ਸਧਾਰਨ ਵਾਕ)
2. ਅੱਗੇ ਵਧੋ ਅਤੇ ਵੈਰੀ ਦੇ ਦੰਦ ਖੱਟੇ ਕਰੋ। (ਸਧਾਰਨ ਵਾਕ)
3. ਮਿਹਨਤੀ ਆਦਮੀ ਹਮੇਸ਼ਾਂ ਸਫਲਤਾ ਪ੍ਰਾਪਤ ਕਰਦਾ ਹੈ। (ਮਿਸ਼ਰਿਤ ਵਾਕ)

| | |
|---|---|
| 4. ਭਾਵੇਂ ਤੁਸੀਂ ਦੌਲਤਮੰਦ ਹੋ ਤਾਂ ਵੀ ਤੁਸੀਂ ਸੁਖੀ ਨਹੀਂ। | (ਸੰਜੁਗਤ ਵਾਕ) |
| 5. ਉਹ ਕਦੇ ਝੂਠ ਨਹੀਂ ਬੋਲਦਾ। | (ਹਾਂ-ਵਾਚਕ ਵਾਕ) |
| 6. ਕੋਈ ਸੋਹਣਾ ਜਿਹਾ ਗੀਤ ਸੁਣਾਓ। | (ਪ੍ਰਸ਼ਨ-ਵਾਚਕ ਵਾਕ) |
| 7. ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ। | (ਵਿਸਮੈ-ਵਾਚਕ ਵਾਕ) |
| 8. ਰਾਜੂ ਨੇ ਕਾਰ ਚਲਾਈ। | (ਕਰਮਣੀ ਵਾਚਕ ਵਾਕ) |
| 9. ਖਾਣਾ ਪਰੋਸ ਦਿੱਤਾ ਜਾਵੇ। | (ਕਰਤਰੀ ਵਾਚਕ ਵਾਕ) |
| 10. ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ। | (ਨਾਂਹ-ਵਾਚਕ ਵਾਕ) |
| 11. ਤੁਹਾਡੀ ਸਿਆਣਪ ਨੂੰ ਸਭ ਜਾਣਦੇ ਹਨ। | (ਪ੍ਰਸ਼ਨ-ਵਾਚਕ ਵਾਕ) |
| 12. ਤੁਸੀਂ ਦੌਲਤਮੰਦ ਹੋ ਪਰ ਸੁਖੀ ਨਹੀਂ। | (ਮਿਸ਼ਰਿਤ ਵਾਕ) |
| 13. ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ। | (ਸੰਜੁਗਤ ਵਾਕ) |
| 14. ਜਦ ਬਿਪਤਾ ਪਏ ਤਦ ਧੀਰਜ ਰੱਖੋ। | (ਸਧਾਰਨ ਵਾਕ) |
| 15. ਉਹ ਨਸ਼ਿਆਂ ਵਿੱਚ ਪੈ ਕੇ ਕੰਗਾਲ ਹੋ ਗਿਆ। | (ਸੰਜੁਗਤ ਵਾਕ) |

## ਅਖਾਉਤਾਂ (10 ਅੰਕ+6 ਅੰਕ ਵਸਤੂਨਿਸ਼ਠ ਪ੍ਰਸ਼ਨ)

ਅਖਾਉਤਾਂ ਵਾਲ਼ਾ ਭਾਗ ਸਾਰੇ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਹੈ। ਪਾਸ ਹੋਣ ਲਈ ਇਹ ਇੱਕ ਤਰ੍ਹਾਂ 'ਕਾਰੂ ਦਾ ਖ਼ਜ਼ਾਨਾ' ਵਿਦਿਆਰਥੀ ਦੇ ਹੱਥ ਲੱਗਣ ਸਮਾਨ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਬਹੁਤ ਚੰਗੇ ਨੰਬਰ ਲੈਣੇ ਹਨ, ਉਹਨਾਂ ਲਈ ਤਾਂ ਇਹ ਭਾਗ ਬਹੁਤ ਅਹਿਮ ਹੈ। ਪਾਠ-ਪੁਸਤਕ ਵਿੱਚ ਸਿਰਫ਼ 60 ਅਖਾਉਤਾਂ ਦਰਜ ਹਨ ਅਤੇ ਪ੍ਰਸ਼ਨ-ਪੱਤਰ ਵਿੱਚ 16 ਨੰਬਰ ਅਖਾਉਤਾਂ ਨਾਲ਼ ਸੰਬੰਧਿਤ ਹਨ। ਵਿਦਿਆਰਥੀ ਪੂਰੀ ਅਖਾਉਤ ਯਾਦ ਕਰਕੇ ਅਤੇ ਉਸਦੀ ਵਰਤੋਂ ਸਥਿਤੀ ਬਾਰੇ ਜਾਣਕਾਰੀ ਰੱਖਦਾ ਹੋਇਆ 16 ਦੇ 16 ਅੰਕ ਪ੍ਰਾਪਤ ਕਰ ਸਕਦਾ ਹੈ।ਇਹ ਗੱਲ ਸੋਲਾਂ ਆਨੇ ਪੱਕੀ ਹੈ, ਸੋ ਡੱਟ ਕੇ ਇਸ ਭਾਗ ਦੀ ਤਿਆਰੀ ਕਰੋ।

### ਕੁਝ ਮਹੱਤਵਪੂਰਨ ਅਖਾਉਤਾਂ:

| | |
|---|---|
| 1. ਉੱਠੇ ਤਾਂ ਉੱਠ ਨਹੀਂ ਰੇਤੇ ਦੀ ਮੁੱਠ | 16. ਘੜੇ ਨੂੰ ਹੱਥ ਲਾਇਆ ਸਾਰਾ ਟੱਬਰ ਤਿਹਾਇਆ |
| 2. ਉੱਖਲ਼ੀ ਵਿੱਚ ਸਿਰ ਦਿੱਤਾ ਤਾਂ ਮੋਹਲ਼ਿਆਂ ਦਾ ਕੀ ਡਰ | 17. ਛੱਜ ਤਾਂ ਬੋਲੇ ਛਾਣਨੀ ਕਿਉਂ ਬੋਲੇ |
| 3. ਅੱਗੇ ਸੱਪ ਤੇ ਪਿੱਛੇ ਸ਼ੀਂਹ | 18. ਜਦੋਂ ਗਿੱਦੜ ਦੀ ਮੌਤ ਆਉਂਦੀ ਹੈ ਤਾਂ ਉਹ ਸ਼ਹਿਰ ਵੱਲ ਭੱਜਦਾ ਹੈ |
| 4. ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ | 19. ਜਾਗਣ ਜੋ ਰਾਤੀਂ ਕਾਲ਼ੀਆਂ, ਸੋਈ ਖਾਣ ਸੁਖਾਲ਼ੀਆਂ |
| 5. ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ | 20. ਡਾਢੇ ਨਾਲ਼ ਭਿਆਲ਼ੀ, ਉਹ ਮੰਗੇ ਹਿੱਸਾ ਉਹ ਕੱਢੇ ਗਾਲ਼ੀ |
| 6. ਆਰੀ ਦੇ ਇੱਕ ਪਾਸੇ ਦੰਦੇ ਜਹਾਨ ਨੂੰ ਦੋਹੀਂ ਪਾਸੀਂ | 21. ਤੂੰ ਮੇਰਾ ਮੁੰਡਾ ਖਿਡਾ, ਮੈਂ ਤੇਰੀ ਖੀਰ ਖਾਨੀ ਆਂ |
| 7. ਆਪਣਾ ਮਾਰੇਗਾ ਤਾਂ ਛਾਂਵੇਂ ਹੀ ਸੁੱਟੇਗਾ | 22. ਨਵਾਂ ਨੌਂ ਦਿਨ ਪੁਰਾਣਾ ਸੌ ਦਿਨ |
| 8. ਇੱਕ ਦਰ ਬੰਦ ਸੌ ਦਰ ਖੁੱਲ੍ਹਾ | 23. ਬਿੱਲੀ ਦੇ ਸਿਰ੍ਹਾਣੇ ਦੁੱਧ ਨਹੀਂ ਜੰਮਦਾ |
| 9. ਸੇਰ ਦੁੱਧ ਤੇ ਵੀਹ ਸੇਰ ਪਾਣੀ ਘੁੰਮਰ-ਘੁੰਮਰ ਫਿਰੇ ਮਧਾਣੀ | 24. ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ |
| 10. ਸ੍ਵੈ ਭਰੋਸਾ ਵੱਡਾ ਤੋਸਾ | 25. ਮੈਂ ਵੀ ਰਾਣੀ ਤੂੰ ਵੀ ਰਾਣੀ ਕੌਣ ਭਰੇਗਾ ਘਰ ਦਾ ਪਾਣੀ |
| 11. ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਵੇ | 26. ਮਨ ਜੀਤੈ ਜਗੁ ਜੀਤੁ |
| 12. ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਏ | 27. ਮਾਂਹਾਂ-ਮੋਠਾਂ ਵਿੱਚ ਕੋਈ ਵੱਡਾ-ਛੋਟਾ ਨਹੀਂ ਹੁੰਦਾ |
| 13. ਕੋਹ ਨਾ ਚੱਲੀ ਬਾਬਾ ਤਿਹਾਈ | 28. ਰਾਣੀ ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ |
| 14. ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਨੀਆਂ ਹਨ | 29. ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ |
| 15. ਘਰ ਦਾ ਸੜਿਆ ਵਣ ਗਿਆ, ਵਣ ਨੂੰ ਲੱਗੀ ਅੱਗ | 30. ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼ |

## ਮਾਡਲ ਟੈਸਟ ਪੇਪਰ–1
## ਜਮਾਤ: ਬਾਰ੍ਹਵੀਂ ਲਾਜ਼ਮੀ ਪੰਜਾਬੀ

**ਸਮਾਂ: 3 ਘੰਟੇ** **ਅੰਕ: 80**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।
2. ਸਾਰੇ ਪ੍ਰਸ਼ਨ ਜ਼ਰੂਰੀ ਹਨ।
3. ਵਸਤੂਨਿਸ਼ਠ ਪ੍ਰਸ਼ਨ ਦੇ ਚਾਰ ਭਾਗ (ੳ), (ਅ), (ੲ) ਅਤੇ (ਸ) ਹਨ। ਹਰੇਕ ਭਾਗ ਵਿੱਚ ਪੰਜ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

**1. ਵਸਤੂਨਿਸ਼ਠ ਪ੍ਰਸ਼ਨ:** **20×1=20**

**ਭਾਗ (ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਲਿਖੋ:** **5×1=5**

(1) ਰਿਗਵੇਦ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ?
(2) ਕਿਹੜੇ ਲੋਕ-ਨਾਚ ਨੂੰ 'ਗਿੱਧੇ ਦੀ ਨਰਸਰੀ' ਮੰਨਿਆ ਜਾਂਦਾ ਹੈ?
(3) ਹਰਿੰਦਰ ਕਿਸ ਕਹਾਣੀ ਦਾ ਪਾਤਰ ਹੈ?
(4) 'ਚੰਗੀ ਸੰਗਤ ਕਰਨ ਅਤੇ ਬੁਰੀ ਸੰਗਤ ਤੋਂ ਬਚਣ' ਦੀ ਨਸੀਹਤ ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?
(5) 'ਚੁੰਮ-ਚੁੰਮ ਰੱਖੋ' ਕਵਿਤਾ ਦੇ ਕਵੀ ਦਾ ਨਾਂ ਦੱਸੋ।

**ਭਾਗ (ਅ): ਬਹੁ-ਚੋਣਵੇਂ ਉੱਤਰਾਂ ਵਾਲ਼ੇ ਪ੍ਰਸ਼ਨ:** **5×1=5**

**(1) 'ਪੰਜਾਬੀ ਸੱਭਿਆਚਾਰ' ਲੇਖ ਕਿਸ ਦੀ ਰਚਨਾ ਹੈ?**
(ੳ) ਵਣਜਾਰਾ ਬੇਦੀ (ਅ) ਦਲੀਪ ਕੌਰ ਟਿਵਾਣਾ
(ੲ) ਬਰਿੰਦਰ ਕੌਰ (ਸ) ਜਗੀਰ ਸਿੰਘ ਨੂਰ

**(2) ਰੂਪ ਪੱਖੋਂ ਨਕਲਾਂ ਕਿੰਨੀ ਕਿਸਮ ਦੀਆਂ ਹੁੰਦੀਆਂ ਹਨ?**
(ੳ) ਦੋ (ਅ) ਤਿੰਨ
(ੲ) ਚਾਰ (ਸ) ਪੰਜ

**(3) ਅਖਾਉਤ ਪੂਰੀ ਕਰੋ: ਆਪੇ ਫਾਥੜੀਏ ..............................**
(ੳ) ਤੈਨੂੰ ਕੌਣ ਭਜਾਏ (ਅ) ਤੈਨੂੰ ਕੌਣ ਛੁਡਾਏ
(ੲ) ਤੈਨੂੰ ਕੌਣ ਸਮਝਾਏ (ਸ) ਤੈਨੂੰ ਰੱਬ ਬਚਾਏ

**(4) 'ਹਮੇਸ਼ਾਂ ਆਸਵੰਦ ਰਹਿਣ ਦਾ ਉਪਦੇਸ਼' ਦੇਣ ਲਈ ਕਿਹੜੀ ਅਖਾਉਤ ਢੁਕਵੀਂ ਹੈ?**
(ੳ) ਮਨ ਜੀਤੈ ਜਗੁ ਜੀਤੁ (ਅ) ਢਿੱਡ ਭਰਿਆ ਕੰਮ ਸਰਿਆ
(ੲ) ਇੱਕ ਦਰ ਬੰਦ ਸੌ ਦਰ ਖੁੱਲ੍ਹਾ (ਸ) ਜਾਂਦੇ ਚੋਰ ਦੀ ਲੰਗੋਟੀ ਸਹੀ

**(5) 'ਜੀਤੋ' ਕਿਹੜੀ ਕਹਾਣੀ ਦੀ ਪਾਤਰ ਹੈ?**
(ੳ) ਮਾੜਾ ਬੰਦਾ (ਅ) ਨੀਲੀ
(ੲ) ਆਪਣਾ ਦੇਸ (ਸ) ਘਰ ਜਾਹ ਆਪਣੇ

**ਭਾਗ (ੲ): ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ :** **5×1=5**

(1) ਛਪਾਰ ਦਾ ਮੇਲਾ ਭਾਦਰੋਂ ਸੁਦੀ ਚੌਦਾਂ ਨੂੰ ਲੱਗਦਾ ਹੈ।
(2) ਪੈਦਾਵਾਰੀ ਸਾਧਨਾਂ ਅਤੇ ਤਕਨੀਕ ਦੇ ਬਦਲ ਜਾਣ ਨਾਲ਼ ਸੱਭਿਆਚਾਰ ਵੀ ਬਦਲ ਜਾਂਦਾ ਹੈ।
(3) ਸਮੇਂ ਸਿਰ ਕੰਮ ਨਾ ਕਰਨ ਅਤੇ ਬਾਅਦ ਵਿੱਚ ਭਟਕਦੇ ਫਿਰਨ ਵਾਲ਼ੇ ਲਈ 'ਵੇਲੇ ਦੀ ਨਮਾਜ਼ ਕੁਵੇਲ਼ੇ ਦੀਆਂ ਟੱਕਰਾਂ' ਅਖਾਉਤ ਬਿਲਕੁਲ ਢੁਕਵੀਂ ਹੈ।
(4) ਸੁਜਾਨ ਸਿੰਘ ਦੀ ਕਹਾਣੀ 'ਨੀਲੀ' ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ।
(5) ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਦੀ ਆਦਤ ਪਾਉਣ ਦੀ ਸਿੱਖਿਆ ਦੇਣ ਲਈ 'ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ,ਤਾਂ ਘਰ ਨਹੀਂ ਵੱਸਦੇ' ਅਖਾਉਤ ਬਿਲਕੁਲ ਢੁਕਵੀਂ ਹੈ।

**ਭਾਗ (ਸ): ਖ਼ਾਲੀ ਥਾਂਵਾਂ ਭਰੋ:** **5×1=5**

(1) ਰਾਣੀ ਆਪਣੇ ਪੈਰ ਧੋਂਦੀ________________ਨਹੀਂ ਕਹਾਉਂਦੀ।
(2) ਨੀ ਪੀੜਾਂ ਦਾ______________ਭੁੰਨ ਦੇ ਭੱਠੀ ਵਾਲ਼ੀਏ।
(3) ਚੁੱਕੀ ਕਹੀਆਂ, ਦੁਰਮਟ, ਤੇਸੇ ਬੱਝੇ ਵਿੱਚ___________।

(4) ਹਰ ਪੰਜਾਬੀ ਨੂੰ ਆਪਣੇ ____________ਉੱਪਰ ਅਭਿਮਾਨ ਨਹੀਂ ਸਗੋਂ ਮਾਣ ਕਰਨਾ ਚਾਹੀਦਾ ਹੈ।

(5) __________ ਪੰਜਾਬੀਆਂ ਦੀ ਰਾਸ਼ਟਰੀ ਖੇਡ ਹੈ।

**2. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: 3×2=6**

ਪੰਜਾਬ ਵਿੱਚ ਆਮ ਤੌਰ 'ਤੇ ਪਹਿਲਾ ਬੱਚਾ ਹੋਣ ਸਮੇਂ ਕੁੜੀ ਨੂੰ ਉਸ ਦੇ ਪੇਕੇ ਭੇਜ ਦਿੱਤਾ ਜਾਂਦਾ ਸੀ। ਪੇਕੇ ਭੇਜਣ ਦਾ ਕਾਰਨ ਇਹ ਦੱਸਿਆ ਜਾਂਦਾ ਸੀ ਕਿ ਉਸ ਦੀ ਮਾਂ ਉਸ ਦੀਆਂ ਸਰੀਰਿਕ ਲੋੜਾਂ ਤੋਂ ਸਹੁਰੇ ਘਰ ਨਾਲ਼ੋਂ ਵਧੇਰੇ ਜਾਣੂ ਹੁੰਦੀ ਹੈ ਇਸ ਲਈ ਆਮ ਕਰਕੇ ਪਹਿਲੇ ਬੱਚੇ ਦਾ ਜਨਮ ਉਸ ਦੇ ਨਾਨਕੇ ਘਰ ਹੁੰਦਾ ਹੈ। ਜਣੇਪੇ ਦੀਆਂ ਰਸਮਾਂ ਵਿੱਚ ਜਣੇਪੇ ਤੋਂ ਪਿੱਛੋਂ ਬੱਚਾ ਤੇ ਜੱਚਾ ਨੂੰ ਧੂਫ ਦਿੱਤੀ ਜਾਂਦੀ ਸੀ ਜਾਂ ਦੀਵਾ ਬਾਲ਼ ਕੇ ਰੱਖਿਆ ਜਾਂਦਾ ਸੀ ਜਿਹੜਾ ਦਸ ਦਿਨ ਲਗਾਤਾਰ ਜਗਦਾ ਰਹਿੰਦਾ ਸੀ। ਮੁੰਡਾ ਜੰਮਿਆ ਹੋਵੇ ਤਾਂ ਪਿੰਡ ਦੇ ਲਾਗੀ ਅਤੇ ਭਾਈਚਾਰੇ ਦੇ ਹੋਰ ਬੰਦੇ ਵਧਾਈਆਂ ਲੈ ਕੇ ਆ ਜਾਂਦੇ ਸਨ। ਦੱਭ ਨੂੰ ਖ਼ੁਸ਼ੀ ਦੇ ਮੌਕੇ ਉੱਤੇ ਵਧਾਈ ਦਾ ਚਿੰਨ੍ਹ ਮੰਨਿਆ ਜਾਂਦਾ ਸੀ। ਵਧਾਈਆਂ ਲੈ ਕੇ ਲਾਗੀਆਂ ਨੂੰ ਸ਼ਰਧਾ ਅਨੁਸਾਰ ਲਾਗ ਅਤੇ ਭਾਈਚਾਰੇ ਵਿੱਚ ਗੁੜ, ਮਿਸਰੀ ਜਾਂ ਪਤਾਸੇ ਵੰਡੇ ਜਾਂਦੇ ਸਨ। ਇਹਨਾਂ ਵਿੱਚੋਂ ਕੁਝ ਰੀਤਾਂ ਹਾਲਾਂ ਵੀ ਕਾਇਮ ਹਨ।

1. ਉੱਪਰ ਦਿੱਤਾ ਗਿਆ ਪੈਰਾ ਕਿਸ ਲੇਖ ਨਾਲ਼ ਸੰਬੰਧਿਤ ਹੈ ਅਤੇ ਇਸ ਦਾ ਲੇਖਕ ਕੌਣ ਹੈ?
2. ਪੰਜਾਬ ਵਿੱਚ ਆਮ ਕਰਕੇ ਪਹਿਲੇ ਬੱਚੇ ਦਾ ਜਨਮ ਉਸ ਦੇ ਨਾਨਕੇ ਘਰ ਹੋਣ ਦਾ ਕੀ ਕਾਰਨ ਹੈ?
3. ਪੈਰੇ ਵਿੱਚ ਆਏ ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸੋ:

(ੳ) ਦੱਭ (ਅ) ਜੱਚਾ

**3. ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ: 4×3=12**

(ੳ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ?

(ਅ) ਪਹਿਲੇ ਸਮਿਆਂ ਵਿੱਚ ਮੁੰਡੇ ਅਤੇ ਕੁੜੀ ਦੇ ਜੰਮਣ ’ਤੇ ਰਸਮ-ਰਿਵਾਜਾਂ ਦੇ ਪੱਖ ਤੋਂ ਕੀ ਵਿਤਕਰਾ ਸੀ? ਹੁਣ ਇਹ ਵਿਤਕਰਾ ਕਿਵੇਂ ਘਟ ਰਿਹਾ ਹੈ?

(ੲ) ਲੋਕ-ਕਲਾ ਅਤੇ ਸ਼ਾਸਤਰੀ ਕਲਾ ਵਿੱਚ ਕੀ ਅੰਤਰ ਹੈ? ਖੋਲ੍ਹ ਕੇ ਦੱਸੋ।

(ਸ) ‘ਨਕਲਾਂ ਵਿੱਚ ਦਰਸ਼ਕਾਂ ਦੀ ਅਹਿਮ ਭੂਮਿਕਾ ਹੁੰਦੀ ਹੈ’, ਦੱਸੋ ਕਿਵੇਂ?

(ਹ) ਸਾਨੂੰ ਆਪਣੇ ਪੰਜਾਬੀ ਸੱਭਿਆਚਾਰ ਦੇ ਰਵਾਇਤੀ ਖਾਣੇ ਨੂੰ ਕਿਉਂ ਤਰਜੀਹ ਦੇਣੀ ਚਾਹੀਦੀ ਹੈ?

(ਕ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ?

**4.** ਤੁਸੀਂ ਮੱਛੀ-ਪਾਲਣ ਦਾ ਕਾਰੋਬਾਰ ਕਰਨਾ ਚਾਹੁੰਦੇ ਹੋ। ਆਪਣੇ ਜ਼ਿਲ੍ਹੇ ਦੇ ਮੱਛੀ-ਪਾਲਣ ਅਫ਼ਸਰ ਨੂੰ ਆਪਣੀ ਯੋਗਤਾ ਦੱਸਦੇ ਹੋਏ ਸਰਕਾਰ ਵੱਲੋਂ ਮਿਲ਼ਦੀ ਸਬਸਿਡੀ ਤੇ ਹੋਰ ਸਹੂਲਤਾਂ ਬਾਰੇ ਪੱਤਰ ਰਾਹੀਂ ਜਾਣਕਾਰੀ ਦੀ ਮੰਗ ਕਰੋ।

**2+4+1=7**

***ਜਾਂ***

ਤੁਹਾਡੇ ਪਿੰਡ ਵਿੱਚ ਕਲੱਬ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ਼ ਪੁਸਤਕਾਲਾ ਖੋਲ੍ਹਿਆ ਜਾ ਰਿਹਾ ਹੈ। ਲਾਇਬ੍ਰੇਰੀਅਨ ਵੱਲੋਂ ਪੁਸਤਕਾਂ ਮੰਗਵਾਉਣ ਲਈ ਭਿੰਨ-ਭਿੰਨ ਪੁਸਤਕ-ਵਿਕਰੇਤਾਵਾਂ ਨੂੰ ਪੱਤਰ ਲਿਖੋ ਜਿਸ ਵਿੱਚ ਕੁਟੇਸ਼ਨਾਂ ਦੀ ਮੰਗ ਕੀਤੀ ਗਈ ਹੋਵੇ।

**5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ: 4+1=5**

ਇਸ ਵਿੱਚ ਸ਼ੱਕ ਨਹੀਂ ਕਿ ਨਸ਼ੀਲੇ ਪਦਾਰਥਾਂ ਦਾ ਇਸਤੇਮਾਲ ਦੁਨੀਆ ਭਰ ਵਿੱਚ ਇਨਸਾਨੀ ਸਿਹਤ ਅਤੇ ਸਮਾਜ ਲਈ ਗੰਭੀਰ ਚੁਨੌਤੀ ਦਾ ਰੂਪ ਧਾਰਨ ਕਰ ਚੁੱਕਾ ਹੈ। ਅਜੋਕੀ ਤੇਜ਼ ਰਫ਼ਤਾਰ ਜ਼ਿੰਦਗੀ ਇਨਸਾਨ ਕੋਲ਼ੋਂ ਹਰ ਖੇਤਰ ਵਿੱਚ ਤੇਜ਼ ਰਫ਼ਤਾਰ ਦੀ ਮੰਗ ਕਰਦੀ ਹੈ ਜਿਸ ਕਰਕੇ ਸਹਿਜ ਜੀਵਨ ਜਿਊਂਣ ਲਈ ਵੀ ਇਨਸਾਨ ਨੂੰ ਸੰਘਰਸ਼ ਦੀ ਹਾਲਤ ਵਿੱਚ ਰਹਿਣਾ ਪੈਂਦਾ ਹੈ। ਹਰ ਖੇਤਰ ਵਿੱਚ ਮੁਕਾਬਲੇਬਾਜ਼ੀ ਅਤੇ ਜ਼ਿਆਦਾ ਤੋਂ ਜ਼ਿਆਦਾ ਪੂੰਜੀ ਤੇ ਪਦਾਰਥਕ ਸੁੱਖ ਜਮ੍ਹਾਂ ਕਰਨ ਦੀ ਦੌੜ ਨੇ ਜ਼ਿੰਦਗੀ ਨੂੰ ਮਸ਼ੀਨੀ ਪੱਧਰ ਉੱਤੇ ਲੈ ਆਂਦਾ ਹੈ। ਮਾਨਸਿਕ ਅਤੇ ਆਤਮਿਕ ਪੱਧਰ ਉੱਤੇ ਇਨਸਾਨ ਭੌਤਿਕ ਵਾਤਾਵਰਨ ਨਾਲ਼ ਤਾਲ-ਮੇਲ ਰੱਖਣ ਵਿੱਚ ਨਾਕਾਮਯਾਬ ਹੋ ਰਿਹਾ ਹੈ। ਆਮ ਆਦਮੀ ਦਾ ਜ਼ਿਆਦਾ ਸਮਾਂ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਹੀ ਲੱਗ ਜਾਂਦਾ ਹੈ ਜਿਸ ਕਰਕੇ ਉਸ ਦੀਆਂ ਸਮਾਜਿਕ, ਮਾਨਸਿਕ ਅਤੇ ਆਤਮਿਕ ਲੋੜਾਂ ਅਧੂਰੀਆਂ ਰਹਿ ਜਾਂਦੀਆਂ ਹਨ। ਇਸ ਨਾਲ਼ ਜ਼ਿੰਦਗੀ ਵਿੱਚ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਅਤੇ ਕਈ ਤਰ੍ਹਾਂ ਦੀਆਂ ਮਾਨਸਿਕ ਉਲਝਣਾਂ ਪੈਦਾ ਹੁੰਦੀਆਂ ਹਨ। ਨਸ਼ਾ-ਪ੍ਰਵਿਰਤੀ ਵੀ ਇਸੇ ਖ਼ਲਾਅ ਨੂੰ ਪੂਰਿਆਂ ਕਰਨ ਦੇ ਜਤਨ ਵਜੋਂ ਹੀ ਸ਼ੁਰੂ ਹੁੰਦੀ ਹੈ। ਭੌਤਿਕ ਤੌਰ ਉੱਤੇ ਆਵਾਜਾਈ ਤੇ ਸੰਚਾਰ ਦੇ ਸਾਧਨਾਂ ਵਗ਼ੈਰਾ ਦੀ ਬਦੌਲਤ ਬੇਸ਼ੱਕ ਬਾਹਰੀ ਫ਼ਾਸਲੇ ਘਟੇ ਹਨ ਪਰ ਸਮਾਜਿਕ, ਮਾਨਸਿਕ ਅਤੇ ਆਤਮਿਕ ਤੌਰ ’ਤੇ ਇਨਸਾਨ ਤੇ ਇਨਸਾਨ ਵਿਚਲੀ ਦੂਰੀ ਵਧੀ ਹੈ।ਭੀੜ ਵਧਣ ਦੇ ਬਾਵਜੂਦ ਹਰ ਇਨਸਾਨ ਇਕੱਲਾ ਹੈ। ਨਤੀਜੇ ਵਜੋਂ ਆਪਣੇ ਦੁੱਖ ਵੀ ਉਸ ਨੂੰ

ਇਕੱਲੇ ਨੂੰ ਹੀ ਝੱਲਣੇ ਪੈਂਦੇ ਹਨ। ਇਨਸਾਨ ਨੂੰ ਜਦ ਇਨਸਾਨ ਦਾ ਸਹਾਰਾ ਨਹੀਂ ਰਿਹਾ ਤਾਂ ਉਸ ਨੇ ਮਸਨੂਈ ਸਹਾਰੇ ਤਲਾਸ਼ ਕਰਨੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਵਿੱਚ ਨਸ਼ੇ ਵੀ ਸ਼ਾਮਲ ਹਨ।

**6. ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ:** **6×1/2=3**

| | |
|---|---|
| ਫ਼ਰਿਸ਼ਤਾ | ਰਿਸ਼ਟ-ਪੁਸ਼ਟ |
| ਫ਼ਕੀਰ | ਤਿੱਕੜੀ |
| ਫ਼ੌਲਾਦੀ | ਰੋਜ਼ਨਾਮਚਾ |
| ਫ਼ਿਲਹਾਲ | ਦਰੁਸਤ |
| ਫ਼ਸਲ | ਹਥੌੜਾ |
| ਫ਼ਿਰਕੀ | ਬਜ਼ੁਰਗ |

**7. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਪੰਜ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ:** **5×1=5**

(ੳ) ਅੱਗੇ ਵਧ ਕੇ ਵੈਰੀ ਦੇ ਦੰਦ ਖੱਟੇ ਕਰੋ। (ਸੰਜੁਗਤ ਵਾਕ)
(ਅ) ਮਿਹਨਤ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਹਮੇਸ਼ਾਂ ਸਫਲਤਾ ਮਿਲ਼ਦੀ ਹੈ। (ਮਿਸ਼ਰਿਤ ਵਾਕ)
(ੲ) ਭਲੇ ਲੋਕ ਸਭ ਦਾ ਭਲਾ ਸੋਚਦੇ ਹਨ। (ਨਾਂਹ-ਵਾਚਕ ਵਾਕ)
(ਸ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ। (ਵਿਸਮੈ-ਵਾਚਕ ਵਾਕ)
(ਹ) ਬੱਚੇ ਸਭ ਨੂੰ ਪਿਆਰੇ ਲੱਗਦੇ ਹਨ। (ਪ੍ਰਸ਼ਨ-ਵਾਚਕ ਵਾਕ)
(ਕ) ਬੂਟਿਆਂ ਨੂੰ ਮਾਲੀ ਦੁਆਰਾ ਪਾਣੀ ਦਿੱਤਾ ਗਿਆ। (ਕਰਤਰੀ ਵਾਚ ਵਾਕ)
(ਖ) ਉਹ ਅਮੀਰ ਹੈ ਪਰ ਬਹੁਤ ਕੰਜੂਸ ਹੈ। (ਸਧਾਰਨ ਵਾਕ)
(ਗ) ਬਲਜੀਤ ਨੇ ਚਾਹ ਪੀਤੀ। (ਕਰਮਣੀਵਾਚਕ ਵਾਕ)

**8. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:** **5×2=10**

(ੳ) ਇੱਕ ਚੁੱਪ ਤੇ ਸੌ ਸੁੱਖ
(ਅ) ਕੋਹ ਨਾ ਚੱਲੀ ਬਾਬਾ ਤਿਹਾਈ
(ੲ) ਤੌੜੀ ਉੱਬਲ਼ੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ
(ਸ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ
(ਹ) ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ
(ਕ) ਢਿੱਡ ਭਰਿਆ ਕੰਮ ਸਰਿਆ
(ਖ) ਵਾਦੜੀਆਂ-ਸਜਾਦੜੀਆਂ ਨਿਭਣ ਸਿਰਾਂ ਦੇ ਨਾਲ਼
(ਗ) ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ

**9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:** **5 ਅੰਕ**

(ੳ) ਪੁਰਾਣੇ ਪੰਜਾਬ ਨੂੰ ਅਵਾਜ਼ਾਂ (ਪ੍ਰੋ. ਪੂਰਨ ਸਿੰਘ)
(ਅ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)
(ੲ) ਮੇਰਾ ਬਚਪਨ (ਹਰਿਭਜਨ ਸਿੰਘ)

**10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ:** **7 ਅੰਕ**

(ੳ) ਨੀਲੀ (ਕਰਤਾਰ ਸਿੰਘ ਦੁੱਗਲ)
(ਅ) ਮਾੜਾ ਬੰਦਾ (ਪ੍ਰੇਮ ਪ੍ਰਕਾਸ਼)

**ਮਾਡਲ ਟੈਸਟ ਪੇਪਰ-2**

**ਜਮਾਤ: ਬਾਰ੍ਹਵੀਂ ਲਾਜ਼ਮੀ ਪੰਜਾਬੀ**

**ਸਮਾਂ: 3 ਘੰਟੇ** **ਅੰਕ: 80**

**ਨੋਟ:** 1. ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹਨ।
2. ਸਾਰੇ ਪ੍ਰਸ਼ਨ ਜ਼ਰੂਰੀ ਹਨ।
3. ਵਸਤੂਨਿਸ਼ਠ ਪ੍ਰਸ਼ਨ ਦੇ ਚਾਰ ਭਾਗ (ੳ), (ਅ), (ੲ) ਅਤੇ (ਸ) ਹਨ। ਹਰੇਕ ਭਾਗ ਵਿੱਚ ਪੰਜ ਪ੍ਰਸ਼ਨ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

**1. ਵਸਤੂਨਿਸ਼ਠ ਪ੍ਰਸ਼ਨ:** **20×1=20**

**ਭਾਗ (ੳ): ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਲਿਖੋ:** **5×1=5**

(1) ਵਿਆਹ ਵਿੱਚ ਫੇਰਿਆਂ ਸਮੇਂ ਲਾੜੀ ਸਿਰ ਉੱਪਰ ਕਿਹੜਾ ਕੱਪੜਾ ਲੈਂਦੀ ਹੈ?
(2) ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਕਿੱਥੇ ਭਾਰੀ ਜੋੜ-ਮੇਲਾ ਲੱਗਦਾ ਹੈ?
(3) ਨਿਰੰਜਣ ਸਿੰਘ ਪੰਜਾਬ ਦੇ ਕਿਸ ਇਲਾਕੇ ਦਾ ਰਹਿਣ ਵਾਲ਼ਾ ਸੀ?
(4) 'ਗੁੱਸਾ ਕਰ ਕੇ ਆਪਣਾ ਹੀ ਨੁਕਸਾਨ ਹੁੰਦਾ ਹੈ' ਸਮਝਾਉਣ ਲਈ ਕਿਹੜੀ ਅਖਾਉਤ ਢੁਕਵੀਂ ਹੈ?
(5) 'ਗੀਤ' ਕਿਸ ਦੀ ਰਚਨਾ ਹੈ?

**ਭਾਗ (ਅ): ਬਹੁ-ਚੋਣਵੇਂ ਉੱਤਰਾਂ ਵਾਲ਼ੇ ਪ੍ਰਸ਼ਨ:** **5×1=5**

**(1) 'ਪੰਜਾਬ ਦੇ ਲੋਕ-ਨਾਚ' ਲੇਖ ਕਿਸ ਦੀ ਰਚਨਾ ਹੈ?**
(ੳ) ਵਣਜਾਰਾ ਬੇਦੀ (ਅ) ਦਲੀਪ ਕੌਰ ਟਿਵਾਣਾ
(ੲ) ਬਰਿੰਦਰ ਕੌਰ (ਸ) ਜਗੀਰ ਸਿੰਘ ਨੂਰ

**(2) 'ਬੇਸਰ' ਕਿੱਥੇ ਪਹਿਨਿਆ ਜਾਣ ਵਾਲ਼ਾ ਗਹਿਣਾ ਹੈ?**
(ੳ) ਨੱਕ ਵਿੰਨ੍ਹ ਕੇ (ਅ) ਗਰਦਨ ਦੁਆਲ਼ੇ
(ੲ) ਵੀਣੀ (ਸ) ਕੰਨ ਵਿੰਨ੍ਹ ਕੇ

**(3) ਅਖਾਉਤ ਪੂਰੀ ਕਰੋ: ਬਹਿ ਕੇ ਖਾਧਿਆਂ ਤਾਂ ..............................**
(ੳ) ਆਟਾ ਮੁੱਕ ਹੀ ਜਾਂਦਾ ਹੈ (ਅ) ਖੂਹ ਵੀ ਨਿਖੁੱਟ ਜਾਂਦੇ ਹਨ
(ੲ) ਖ਼ਜ਼ਾਨੇ ਮੁੱਕ ਜਾਂਦੇ ਹਨ (ਸ) ਹਾਜ਼ਮੇ ਖ਼ਰਾਬ ਹੋ ਜਾਂਦੇ ਹਨ

**(4) 'ਬਹੁਤ ਵੱਡੇ ਨੁਕਸਾਨ ਤੋਂ ਬਾਅਦ ਥੋੜ੍ਹੀ ਭਰਪਾਈ ਵੀ ਸੁਖਦ ਅਹਿਸਾਸ ਦਿੰਦੀ ਹੈ' ਸੰਕੇਤ ਕਰਨ ਲਈ ਕਿਹੜੀ ਅਖਾਉਤ ਢੁਕਵੀਂ ਹੈ?**
(ੳ) ਮਨ ਜੀਤੈ ਜਗੁ ਜੀਤੁ (ਅ) ਢਿੱਡ ਭਰਿਆ ਕੰਮ ਸਰਿਆ
(ੲ) ਇੱਕ ਦਰ ਬੰਦ ਸੌ ਦਰ ਖੁੱਲ੍ਹਾ (ਸ) ਜਾਂਦੇ ਚੋਰ ਦੀ ਲੰਗੋਟੀ ਸਹੀ

**(5) 'ਪ੍ਰੋ. ਐੱਮ. ਐੱਲ. ਮਲ੍ਹੋਤਰਾ' ਕਿਹੜੀ ਕਹਾਣੀ ਦਾ ਪਾਤਰ ਹੈ?**
(ੳ) ਮਾੜਾ ਬੰਦਾ (ਅ) ਨੀਲੀ
(ੲ) ਆਪਣਾ ਦੇਸ (ਸ) ਸਾਂਝ

**ਭਾਗ (ੲ): ਹੇਠ ਲਿਖੇ ਕਥਨਾਂ ਵਿੱਚੋਂ ਦੱਸੋ ਕਿ ਕਿਹੜਾ ਕਥਨ ਸਹੀ ਹੈ ਅਤੇ ਕਿਹੜਾ ਗ਼ਲਤ:** **5×1=5**

(1) ਤਰਨ ਤਾਰਨ ਵਿਖੇ ਹਰੇਕ ਸੰਗਰਾਂਦ ਨੂੰ ਮੇਲਾ ਭਰਦਾ ਹੈ।
(2) ਗਿੱਧੇ ਨੂੰ ਪੰਜਾਬ ਦਾ ਸਰਤਾਜ ਲੋਕ-ਨਾਚ ਮੰਨਿਆ ਗਿਆ ਹੈ।
(3) ਜਦੋਂ ਕੋਈ ਕਿਸੇ ਦੀ ਰੀਸ ਕਰਦਾ ਹੋਵੇ ਤਾਂ ਉਸ ਲਈ 'ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲ਼ਨੀਆਂ ਹਨ' ਅਖਾਉਤ ਢੁਕਵੀਂ ਹੈ।
(4) ਗੁਲਜ਼ਾਰ ਸਿੰਘ ਸੰਧੂ ਦੀ ਕਹਾਣੀ 'ਆਪਣਾ ਦੇਸ' ਤੁਹਾਡੀ ਪਾਠ-ਪੁਸਤਕ ਵਿੱਚ ਸ਼ਾਮਲ ਹੈ।
(5) ਗ਼ੁੱਸੇ-ਗਿਲ਼ੇ ਮਿਟਾ ਕੇ ਜ਼ਿੰਦਗੀ ਜਿਉਣ ਦੀ ਸਿੱਖਿਆ ਦੇਣ ਲਈ 'ਪਾਟਾ ਸੀਵੀਂਏ ਨਾ, ਰੁੱਸਾ ਮਨਾਈਏ ਨਾ,ਤਾਂ ਘਰ ਨਹੀਂ ਵੱਸਦੇ' ਅਖਾਉਤ ਬਿਲਕੁਲ ਢੁਕਵੀਂਹੈ।

**ਭਾਗ (ਸ): ਖ਼ਾਲੀ ਥਾਂਵਾਂ ਭਰੋ:** **5×1=5**

(1) ਢਿੱਡ ਭਰਿਆ ______________________________।

(2) ਏਨੇ ਨੂੰ ___________ ਦਾ ਆਂਡਾ ਟੋਟੇ-ਟੋਟੇ ਹੋਇਆ।

(3) ਨਾਗਾਂ ਕੀਲੇ ਲੋਕ-ਮੂੰਹ ਬੱਸ ਫਿਰ _______________।

(4) ਰਿਗਵੈਦਿਕ ਕਾਲ ਵਿੱਚ ਪੰਜਾਬ ਅੰਦਰ ___________ ਦਰਿਆ ਵਗਦੇ ਸਨ।

(5) ਹਿੰਦੂ ____________ ਪਹਿਨਦੇ ਹਨ।

**1. ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: 3×2=6**

ਪੁਰਾਤਨ ਕਾਲ ਤੋਂ ਹੀ ਲੋਕ-ਖੇਡਾਂ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਮੁੱਖ ਸਾਧਨ ਰਹੀਆਂ ਹਨ। ਇਹ ਹਰ ਪਿੰਡ ਦਾ ਵਿਸ਼ੇਸ਼ ਹਿੱਸਾ ਹੋਇਆ ਕਰਦੀਆਂ ਸਨ। ਇਹਨਾਂ ਦੇ ਪਿੜ ਪਿੰਡ ਦੀ ਜੂਹ ਵਿੱਚ ਆਥਣ ਸਮੇਂ ਜੁੜਿਆ ਕਰਦੇ ਸਨ। ਸਾਰੇ ਪਿੰਡ ਦੇ ਬੱਚਿਆਂ ਨੇ ਰਲ਼ ਕੇ ਖੇਡਣਾ, ਕੋਈ ਜਾਤ-ਪਾਤ ਨਹੀਂ, ਊਚ-ਨੀਚ ਨਹੀਂ, ਅਮੀਰੀ-ਗ਼ਰੀਬੀ ਦਾ ਪਾੜਾ ਨਹੀਂ। ਸਾਰੇ ਰਲ਼ ਕੇ ਇਹਨਾਂ ਦਾ ਅਨੰਦ ਮਾਣਦੇ ਸਨ। ਭਾਈਚਾਰਿਕ ਸਾਂਝ ਏਨੀ ਸੀ ਕਿ ਸਾਰੇ ਪਿੰਡ ਨੇ ਰਲ਼ ਕੇ ਖਿਡਾਰੀਆਂ ਦੀਆਂ ਖ਼ੁਰਾਕਾਂ ਦਾ ਪ੍ਰਬੰਧ ਕਰਨਾ। ਦੇਸੀ ਘਿਓ ਦੇ ਪੀਪਿਆਂ ਦੇ ਪੀਪੇ ਖਿਡਾਰੀਆਂ ਨੂੰ ਖਾਣ ਨੂੰ ਦਿੱਤੇ ਜਾਂਦੇ ਸਨ। ਇਹ ਗੱਭਰੂ ਵੀ ਤਾਂ ਸਾਰੇ ਪਿੰਡ ਦਾ ਮਾਣ ਹੋਇਆ ਕਰਦੇ ਸਨ। ਮੇਲਿਆਂ-ਮੁਸਾਹਵਿਆਂ 'ਤੇ ਕਿਸੇ ਨੇ ਪਹਿਲਵਾਨੀ ਵਿੱਚ ਪਿੰਡ ਦਾ ਨਾਂ ਚਮਕਾਉਣਾ, ਕਿਸੇ ਬੋਰੀ ਚੁੱਕਣ ਵਿੱਚ ਨਾਂ ਕੱਢਣਾ, ਕਿਸੇ ਮੂੰਗਲੀਆਂ ਫੇਰਨ ਵਿੱਚ ਬਾਜ਼ੀ ਜਿੱਤਣੀ। ਰੱਸਾ-ਕਸ਼ੀ ਤੇ ਕਬੱਡੀ ਦੀਆਂ ਟੀਮਾਂ ਨੇ ਪਿੰਡ ਨੂੰ ਪ੍ਰਸਿੱਧੀ ਦਿਵਾਉਣੀ। ਇਹ ਖਿਡਾਰੀ ਆਪਣੇ ਸਰੀਰਾਂ ਨੂੰ ਖੇਡਾਂ ਦੇ ਹਾਣ ਦਾ ਰੱਖਣ ਲਈ ਨਸ਼ਿਆਂ ਨੂੰ ਨੇੜੇ ਨਹੀਂ ਸਨ ਢੁੱਕਣ ਦਿੰਦੇ। ਸਮੁੱਚੇ ਪਿੰਡ ਦੀ ਸ਼ਾਨ ਲਈ ਰਲ਼ ਕੇ ਰਹਿੰਦੇ ਸਨ, ਪਿਆਰ ਨਾਲ਼ ਖੇਡਦੇ ਸਨ। ਚੰਗੀ ਖੇਡ ਖੇਡਣਾ ਹੀ ਇਹਨਾਂ ਦਾ ਮਨੋਰਥ ਹੋਇਆ ਕਰਦਾ ਸੀ। ਇਹ ਲੋਕ-ਖੇਡਾਂ ਹੀ ਸਨ ਜਿਹੜੀਆਂ ਪਿੰਡਾਂ ਦੇ ਯੁਵਕਾਂ/ ਨੌਜਵਾਨਾਂ ਨੂੰ ਆਹਰੇ ਲਾਈ ਰੱਖਦੀਆਂ ਸਨ ਤੇ ਕੁਰਾਹੇ ਪੈਣ ਤੋਂ ਰੋਕਦੀਆਂ ਸਨ।

(ੳ) ਉੱਪਰ ਦਿੱਤਾ ਗਿਆ ਪੈਰਾ ਕਿਸ ਲੇਖ ਨਾਲ਼ ਸੰਬੰਧਿਤ ਹੈ ਅਤੇ ਇਸ ਦਾ ਲੇਖਕ ਕੌਣ ਹੈ?

(ਅ) ਪੁਰਾਤਨ ਕਾਲ ਵਿੱਚ ਲੋਕ-ਖੇਡਾਂ ਦੀ ਕੀ ਵਿਸ਼ੇਸ਼ਤਾ ਸੀ?

(ੲ) ਪਿੰਡ ਦੇ ਖਿਡਾਰੀ ਲਈ ਉੱਥੋਂ ਦੇ ਲੋਕ ਕੀ ਕਰਦੇ ਸਨ?

**2. ਕੋਈ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ: 4×3=12**

(ੳ) ਪੰਜਾਬੀ ਸੱਭਿਆਚਾਰ ਦੇ ਇਤਿਹਾਸਿਕ ਪਿਛੋਕੜ ਬਾਰੇ ਦੱਸੋ।

(ਅ) ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਦਾ ਸੰਖੇਪ ਵਰਣਨ ਕਰੋ।

(ੲ) ਪੇਸ਼ਕਾਰੀ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ?

(ਸ) 'ਮੇਲਾ' ਸ਼ਬਦ ਬੀਜ ਰੂਪ ਵਿੱਚ ਪੰਜਾਬੀ ਚਰਿੱਤਰ ਵਿੱਚ ਹੀ ਸਮਾਇਆ ਹੈ, ਦੱਸੋ ਕਿਵੇਂ?

(ਹ) 'ਪੰਜਾਬੀ ਸੱਭਿਆਚਾਰਿਕ ਪਰਿਵਰਤਨ' ਪਾਠ ਵਿੱਚ ਗੁਰਬਾਣੀ ਦੀ ਤੁਕ 'ਮਾਤਾ ਧਰਤਿ ਮਹਤੁ' ਅਜੋਕੇ ਸਮਾਜ ਦੀ ਕਿਹੜੀ ਸਮੱਸਿਆ ਵੱਲ ਸੰਕੇਤ ਕਰਦੀ ਹੈ? ਖੋਲ੍ਹ ਕੇ ਦੱਸੋ।

(ਕ) ਲੋਕ-ਖੇਡਾਂ ਨਾਲ਼ ਬੱਚੇ ਦੇ ਅੰਦਰ ਕਿਹੜੇ ਨੈਤਿਕ ਗੁਣ ਪ੍ਰਵੇਸ਼ ਕਰਦੇ ਹਨ? ਇਹ ਵੀ ਦੱਸੋ ਕਿ ਅਜਿਹੀਆਂ ਕਿਹੜੀਆਂ-ਕਿਹੜੀਆਂ ਖੇਡਾਂ ਹਨ?

**3.** ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸ੍ਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ-ਪ੍ਰਬੰਧਕ ਨੂੰ ਪੱਤਰ ਲਿਖੋ। **2+4+1=7**

***ਜਾਂ***

ਤੁਹਾਡਾ ਕਾਰੋਬਾਰ ਸ਼ੇਅਰ-ਬਜ਼ਾਰ ਨਾਲ਼ ਜੁੜਿਆ ਹੋਇਆ ਹੈ ਅਤੇ ਕਾਰੋਬਾਰ ਲਈ ਤੁਹਾਨੂੰ ਰੋਜ਼ਾਨਾ ਮੋਬਾਈਲ ਦੀ ਵਰਤੋਂ ਕਰਨੀ ਪੈ ਰਹੀ ਹੈ ਪਰ ਤੁਸੀਂ ਭਾਰਤ ਸੰਚਾਰ ਨਿਗਮ ਲਿਮਟਿਡ ਦੀ ਨੈੱਟਵਰਕ ਸੇਵਾ ਕਰਕੇ ਦਿੱਕਤ ਮਹਿਸੂਸ ਕਰ ਰਹੇ ਹੋ। ਹਾਲਾਤ ਤੋਂ ਜਾਣੂ ਕਰਵਾਉਂਦੇ ਹੋਏ ਆਪਣੇ ਇਲਾਕੇ ਦੇ ਸੰਬੰਧਿਤ ਅਧਿਕਾਰੀ ਨੂੰ ਪੱਤਰ ਲਿਖ ਕੇ ਇਸ ਪਾਸੇ ਸੁਧਾਰ ਕਰਨ ਲਈ ਆਖੋ।

**4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ: 4+1=5**

ਆਮ ਜ਼ਿੰਦਗੀ ਵਿੱਚ ਵੀ ਵੇਖਿਆ ਜਾਵੇ ਤਾਂ ਕਈ ਆਦਮੀ ਬੜੇ ਸਾਊ ਕਿਸਮ ਦੇ ਹੁੰਦੇ ਹਨ, ਇਹ ਚੰਗੀ ਪਰਵਰਸ਼ ਦਾ ਨਤੀਜਾ ਹੈ। ਪਰ ਕਈਆਂ ਦੀ ਤਬੀਅਤ ਪੂਰੀ ਚੰਗਿਆੜਿਆਂ ਵਰਗੀ ਹੁੰਦੀ ਹੈ, ਉਹਨਾਂ ਦਾ ਬਚਪਨ ਜ਼ਰੂਰ ਕੁਝ ਤਰੁੱਟੀਆਂ ਜਾਂ ਹੀਣ-ਭਾਵਨਾਵਾਂ ਦਾ ਸ਼ਿਕਾਰ ਹੋਵੇਗਾ। ਸਿਆਣਿਆਂ ਦਾ ਕਥਨ ਹੈ, "ਜਿਸ ਨੇ ਬਚਪਨ ਵਿੱਚ ਭੁੱਖ ਵੇਖੀ ਹੋਵੇ ਉਸ ਦੀ ਨੀਅਤ ਸਾਰੀ ਉਮਰ ਹੀ ਨਹੀਂ ਰੱਜਦੀ" ਇਸੇ ਤਰ੍ਹਾਂ ਜੋ ਬਚਪਨ ਪਿਆਰ-ਵਿਹੂਣਾ ਹੁੰਦਾ ਹੈ ਉਹ ਸਾਰੀ

ਉਮਰ ਸਮਾਜ ਨੂੰ ਗ਼ੁੱਸੇ ਅਤੇ ਨਿਰਾਸ਼ਾ ਬਿਨਾਂ ਹੋਰ ਕੁਝ ਨਹੀਂ ਦੇ ਸਕਦਾ। ਇਸੇ ਕਰਕੇ ਸਿਆਣਿਆਂ ਨੇ ਸਮਾਜ ਦੀ ਰਚਨਾ ਕੀਤੀ ਸਮਾਜ ਨੇ ਪਰਿਵਾਰ ਦੀ, ਘਰ ਦੀ ਜੋ ਸਕੂਨ ਦਾ ਦੂਸਰਾ ਨਾਂ ਹੈ। ਖ਼ਾਸ ਕਰ ਪਰਿਵਾਰ ਅਤੇ ਮਾਂ-ਬਾਪ ਦੀ ਜ਼ੁੰਮੇਵਾਰੀ ਸਭ ਤੋਂ ਵੱਡੀ ਹੁੰਦੀ ਹੈ। ਉਹਨਾਂ ਦੀ ਸਿਆਣਪ ਅਤੇ ਜੀਵਨ-ਸ਼ੈਲੀ ਬੱਚੇ ਨੂੰ ਸਰਬ-ਕਲਾ ਸੰਪੂਰਨ ਬਣਾਉਂਦੀ ਹੈ। ਥੋੜ੍ਹੀ ਜਿਹੀ ਲਾਪਰਵਾਹੀ ਬੱਚੇ 'ਚ ਸਾਰੀ ਉਮਰ ਲਈ ਹੀਣ-ਭਾਵਨਾ ਭਰ ਦੇਂਦੀ ਹੈ, ਇਹੀ ਲਾਪਰਵਾਹੀ ਬੱਚੇ ਨੂੰ ਬੁਰੀ ਸੰਗਤ ਵੱਲ ਵੀ ਧੱਕ ਦਿੰਦੀ ਹੈ। ਇਸ ਵਿੱਚ ਮਾਂ ਦੀ ਜ਼ੁੰਮੇਵਾਰੀ ਸਭ ਤੋਂ ਜ਼ਿਆਦਾ ਹੁੰਦੀ ਹੈ ਹਾਲਾਂਕਿ ਬਾਕੀ ਪਰਿਵਾਰ ਦਾ ਕੋਈ ਮੈਂਬਰ ਵੀ ਮਾਫ਼ੀ ਦਾ ਹੱਕਦਾਰ ਨਹੀਂ ਹੁੰਦਾ। ਦੁਨੀਆ ਦੇ ਇਤਿਹਾਸ ਵਿੱਚ ਜਿੰਨੇ ਵੀ ਮਹਾਨ ਪੁਰਸ਼ ਹੋਏ ਹਨ ਜਾਂ ਜਿੰਨੇ ਵੀ ਮਾੜੀ (ਖਲਨਾਇਕ) ਕਿਸਮ ਦੇ ਆਦਮੀ ਹੋਏ ਹਨ, ਉਹਨਾਂ ਬਾਰੇ ਪੂਰੀ ਜਾਣਕਾਰੀ ਇਕੱਠੀ ਕੀਤੀ ਜਾਵੇ ਤਾਂ ਇਹ ਤੱਥ ਪ੍ਰਮੁੱਖ ਤੌਰ 'ਤੇ ਸਾਹਮਣੇ ਆਉਂਦੇ ਹਨ ਕਿ ਉਹਨਾਂ ਦੇ ਚੰਗੇ ਜਾਂ ਮਾੜੇ ਬਣਨ ਵਿੱਚ ਉਹਨਾਂ ਦੇ ਮਾਂ-ਬਾਪ, ਪਰਿਵਾਰ ਅਤੇ ਸੰਗਤ ਦਾ ਹੀ ਹੱਥ ਹੁੰਦਾ ਹੈ।

**5. ਹੇਠ ਲਿਖੇ ਸ਼ਬਦ-ਸਮੂਹਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ:**

**6×1/2=3**

| | |
|---|---|
| ਵਹੁਟੀ | ਰੜਕਣਾ |
| ਵਿਰਾਨ | ਲਸ਼ਕਰ |
| ਵਰਜ਼ਸ਼ | ਯੋਗਤਾ |
| ਵੈਦਗੀ | ਰਗੜ |
| ਵਕਾਲਤ | ਯਮਰਾਜ |
| ਵਕਤਾ | ਖ਼ੈਰਖ਼ਾਹ |

**6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਪੰਜ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ:**

**5×1=5**

| | | |
|---|---|---|
| (ੳ) | ਉਹ ਨਸ਼ਿਆਂ ਵਿੱਚ ਪੈ ਕੇ ਕੰਗਾਲ ਹੋ ਗਿਆ। | (ਸੰਜੁਗਤ ਵਾਕ) |
| (ਅ) | ਮੇਰੀ ਸਹਾਇਤਾ ਕਰਨ ਵਾਲ਼ੀ ਕੁੜੀ ਅਹੁ ਜਾ ਰਹੀ ਹੈ। | (ਮਿਸ਼ਰਿਤ ਵਾਕ) |
| (ੲ) | ਸਿਰਫ਼ ਮਾਂ ਹੀ ਬੱਚੇ ਨੂੰ ਪਾਲ਼ ਸਕਦੀ ਹੈ। | (ਨਾਂਹ-ਵਾਚਕ ਵਾਕ) |
| (ਸ) | ਮੇਰੀ ਇੱਛਾ ਹੈ ਕਿ ਮੈਂ ਡਾਕਟਰ ਹੁੰਦਾ। | (ਵਿਸਮੈ-ਵਾਚਕ ਵਾਕ) |
| (ਹ) | ਤੁਸੀਂ ਆਪਣਾ ਨਾਂ ਦੱਸੋ। | (ਪ੍ਰਸ਼ਨ-ਵਾਚਕ ਵਾਕ) |
| (ਕ) | ਕਾਰ ਰਾਜੂ ਦੁਆਰਾ ਚਲਾਈ ਗਈ। | (ਕਰਤਰੀ ਵਾਚ ਵਾਕ) |
| (ਖ) | ਆਹਾ! ਮੇਰੀ ਨੌਕਰੀ ਲੱਗ ਗਈ ਹੈ। | (ਸਧਾਰਨ ਵਾਕ) |
| (ਗ) | ਉਹ ਵਾਪਸ ਨਹੀਂ ਪਰਤੇਗਾ। | (ਕਰਮਣੀਵਾਚਕ ਵਾਕ) |

**7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਪੰਜ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ:** **5×2=10**

| | | | |
|---|---|---|---|
| (ੳ) | ਅੱਗੇ ਸੱਪ ਤੇ ਪਿੱਛੇ ਸ਼ੀਂਹ | (ਹ) | ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ |
| (ਅ) | ਕੋਹ ਨਾ ਚੱਲੀ ਬਾਬਾ ਤਿਹਾਈ | (ਕ) | ਜਾਂਦੇ ਚੋਰ ਦੀ ਲੰਗੋਟੀ ਸਹੀ |
| (ੲ) | ਹੱਥ ਨੂੰ ਹੱਥ ਧੋਂਦਾ ਹੈ | (ਖ) | ਇੱਕ ਚੁੱਪ ਤੇ ਸੌ ਸੁੱਖ |
| (ਸ) | ਸੰਗ ਤਾਰੇ-ਕੁਸੰਗ ਡੋਬੇ | (ਗ) | ਮਨ ਜੀਤੈ ਜਗੁ ਜੀਤੁ |

**9. ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ:** **5 ਅੰਕ**

| | | |
|---|---|---|
| (ੳ) | ਟੁਕੜੀ ਜੱਗ ਤੋਂ ਨਯਾਰੀ | (ਭਾਈ ਵੀਰ ਸਿੰਘ) |
| (ਅ) | ਤਾਜ ਮਹੱਲ | (ਪ੍ਰੋ. ਮੋਹਨ ਸਿੰਘ) |
| (ੲ) | ਐਵੇਂ ਨਾ ਬੁੱਤਾਂ ’ਤੇ ਡੋਲ੍ਹੀ ਜਾ ਪਾਣੀ | (ਸੁਰਜੀਤ ਪਾਤਰ) |

**10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ:** **7 ਅੰਕ**

| | | |
|---|---|---|
| (ੳ) | ਸਾਂਝ | (ਸੁਜਾਨ ਸਿੰਘ) |
| (ਅ) | ਮਾੜਾ ਬੰਦਾ | (ਪ੍ਰੇਮ ਪ੍ਰਕਾਸ਼) |